ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਯਉ ॥	bẖan ḏās so ās jagṯar gurū kī pāras bẖėt paras kar▫ya▫o.	So speaks the Lord's slave: Guru Raam Daas placed His Faith in Guru Amar Daas, the Guru of the World; touching the Philosopher's Stone, He was transformed into the Philosopher's Stone.
ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥੭॥੧੧॥	rāmḏās gurū har saṯ kī▫ya▫o samrath gurū sir hath ḏẖar▫ya▫o. ||7||11||	Guru Raam Daas recognized the Lord as True; the All-powerful Guru placed His hand upon His head. ||7||11||

ਪ੍ਰਭਾਤੀ ਮਹਲਾ ੧ ॥ (1328-18)	parbẖāṯī mehlā 1.	Prabhaatī, First Mehl:
ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥	amriṯ nīr gi▫ān man majan aṯẖsaṯẖ ṯirath sang gahė.	One who bathes in the Ambrosial Water of spiritual wisdom takes with him the virtues of the sixty-eight sacred shrines of pilgrimage.
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੋ ਖੋਜਿ ਲਹੈ ॥੧॥	gur upḏės javāhar māṇak sėvė sikẖ so kẖoj lahai. ||1||	The Guru's Teachings are the gems and jewels; the Sikh who serves Him searches and finds them. ||1||
ਗੁਰ ਸਮਾਨਿ ਤੀਰਥੁ ਨਹੀ ਕੋਇ ॥	gur samān ṯirath nahī ko▫ė.	There is no sacred shrine equal to the Guru.
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥	sar sanṯokẖ ṯās gur ho▫ė. ||1|| rahā▫o.	The Guru encompasses the ocean of contentment. ||1||Pause||
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥	gur ḏarī▫ā▫o saḏā jal nirmal mili▫ā ḏurmaṯ mail harai.	The Guru is the River, from which the Pure Water is obtained forever; it washes away the filth and pollution of evil-mindedness.
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥	saṯgur pā▫i▫ai pūrā nāvaṇ pasū parėṯahu ḏėv karai. ||2||	Finding the True Guru, the perfect cleansing bath is obtained, which transforms even beasts and ghosts into gods. ||2||
ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥	raṯā sach nām ṯal hī▫al so gur parmal kahī▫ai.	He is said to be the Guru, with the scent of sandalwood, who is imbued with the True Name to the bottom of His Heart.
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥	jā kī vās banāspaṯ sa▫urai ṯās charaṇ liv rahī▫ai. ||3||	By His Fragrance, the world of vegetation is perfumed. Lovingly focus yourself on His Fīt. ||3||
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥	gurmukẖ jī▫a parān upjahi gurmukẖ siv gẖar jā▫ī▫ai.	The life of the soul wells up for the Gurmukh; the Gurmukh goes to the House of God.
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥	gurmukẖ nānak sach samā▫ī▫ai gurmukẖ nij paḏ pā▫ī▫ai. ||4||6||	The Gurmukh, O Nanak, merges in the True One; the Gurmukh attains the exalted state of the self. ||4||6||

sarnī ā▫i▫o nāth niḏẖān

ਕੇਦਾਰਾ ਮਹਲਾ ੫ ਘਰੁ ੪ (1119-13)	kėḏārā mehlā 5 gẖar 4	Kaydaaraa, Fifth Mehl, Fourth House:
ਸਰਨੀ ਆਇਓ ਨਾਥ ਨਿਧਾਨ ॥	sarnī ā▫i▫o nāth niḏẖān.	I have come to Your Sanctuary, O Lord, O Supreme Treasure.
ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥	nām parīṯ lāgī man bẖīṯar māgan ka▫o har ḏān. ||1|| rahā▫o.	Love for the Naam, the Name of the Lord, is enshrined within my mind; I beg for the gift of Your Name. ||1||Pause||
ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥	sukẖ▫ḏā▫ī pūran parmėsur kar kirpā rākẖo mān.	O Pefect Transcendent Lord, Giver of Peace, please grant Your Grace and save my honor.
ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥	ḏėh parīṯ sāḏẖū sang su▫āmī har gun rasan bakẖān. ||1||	Please bless me with such love, O my Lord and Master, that in the Saadh Sangat, the Company of the Holy, I may chant the Glorious Praises of the Lord with my tongue. ||1||
ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥	gopāl ḏa▫i▫āl gobiḏ ḏamoḏar nirmal kathā gi▫ān.	O Lord of the World, Merciful Lord of the Universe, Your sermon and spiritual wisdom are immaculate and pure.
ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥	nānak ka▫o har kai rang rāgahu charan kamal sang ḏẖi▫ān. ||2||1||3||	Please attune Nanak to Your Love, O Lord, and focus his meditation on Your Lotus Fīt. ||2||1||3||

ਆਸਾ ਇਕਤੁਕੇ ੪ ॥ (480-16)	āsā ikṯukė 4.	Aasaa, 4 Ik-Tukas:
ਸਰਪਨੀ ਤੇ ਊਪਰਿ ਨਹੀ ਬਲੀਆ ॥	sarpanī ṯė ūpar nahī balī▫ā.	No one is more powerful than the she-serpent Maya,
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥	jin barahmā bisan mahāḏė▫o cẖẖalī▫ā. ||1||	who deceived even Brahma, Vishnu and Shiva. ||1||
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥	mār mār sarpanī nirmal jal paiṯẖī.	Having bitten and struck them down, she now sits in the immaculate waters.
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥	jin ṯaribẖavaṇ dasī▫alė gur parsāḏ dīṯẖī. ||1|| rahā▫o.	By Guru's Grace, I have sīn her, who has bitten the thrī worlds. ||1||Pause||
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥	sarpanī sarpanī ki▫ā kahhu bẖā▫ī.	O Siblings of Destiny, why is she called a she-serpent?
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥	jin sāch pacẖẖāni▫ā ṯin sarpanī kẖā▫ī. ||2||	One who realizes the True Lord, devours the she-serpent. ||2||
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥	sarpanī ṯė ān cẖẖūcẖẖ nahī avrā.	No one else is more frivolous than this she-serpent.
ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥	sarpanī jīṯī kahā karai jamrā. ||3||	When the she-serpent is overcome, what can the Messengers of the King of Death do? ||3||
ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥	ih sarpanī ṯā kī kīṯī ho▫ī.	This she-serpent is created by Him.
ਬਲੁ ਅਬਲੁ ਕਿਆ ਇਸ ਤੇ ਹੋਈ ॥੪॥	bal abal ki▫ā is ṯė ho▫ī. ||4||	What power or weakness does she have by herself? ||4||
ਇਹ ਬਸਤੀ ਤਾ ਬਸਤ ਸਰੀਰਾ ॥	ih basṯī ṯā basaṯ sarīrā.	If she abides with the mortal, then his soul abides in his body.
ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥	gur parsāḏ sahj ṯarė kabīrā. ||5||6||19||	By Guru's Grace, Kabīr has easily crossed over. ||5||6||19||

sarab sukẖā kā ḏāṯā saṯgur ṯā kī sarnī pā▫ī▫ai

ਸੋਰਠਿ ਮਹਲਾ ੫ ॥ (630-5)	soraṯẖ mehlā 5.	Sorat'h, Fifth Mehl:
ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥	sarab sukẖā kā ḏāṯā saṯgur ṯā kī sarnī pā▫ī▫ai.	The True Guru is the Giver of all peace and comfort - sīk His Sanctuary.
ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥	ḏarsan bẖėtaṯ hoṯ ananḏā ḏūkẖ ga▫i▫ā har gā▫ī▫ai. ||1||	Beholding the Blessed Vision of His Darshan, bliss ensues, pain is dispelled, and one sings the Lord's Praises. ||1||
ਹਰਿ ਰਸੁ ਪੀਵਹੁ ਭਾਈ ॥	har ras pīvhu bẖā▫ī.	Drink in the sublime essence of the Lord, O Siblings of Destiny.
ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥	nām japahu nāmo ārāḏẖahu gur pūrė kī sarnā▫ī. rahā▫o.	Chant the Naam, the Name of the Lord; worship the Naam in adoration, and enter the Sanctuary of the Perfect Guru. ||Pause||
ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥	ṯiseh parāpaṯ jis ḏẖur likẖi▫ā so▫ī pūran bẖā▫ī.	Only one who has such pre-ordained destiny receives it; he alone becomes perfect, O Siblings of Destiny.
ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੮੯॥	nānak kī bėnanṯī parabẖ jī nām rahā liv lā▫ī. ||2||25||89||	Nanak's prayer, O Dear God, is to remain lovingly absorbed in the Naam. ||2||25||89||

sarab sukẖā gur charnā

ਦੇਵਗੰਧਾਰੀ ਪ ॥ (531-8)	ḏėvganḏẖārī 5.	Dayv-Gandhaarī, Fifth Mehl:
ਸਰਬ ਸੁਖਾ ਗੁਰ ਚਰਨਾ ॥	sarab sukẖā gur charnā.	All peace is found in the Guru's fīt.
ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥	kalimal dāran maneh sāḏẖāran ih āsar mohi ṯarnā. ||1|| rahā▫o.	They drive away my sins and purify my mind; their Support carries me across. ||1||Pause||
ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥	pūjā archā sėvā banḏan ihai tahal mohi karnā.	This is the labor which I perform: worship, flower-offerings, service and devotion.
ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥੧॥	bigsai man hovai pargāsā bahur na garbẖai parnā. ||1||	My mind blossoms forth and is enlightened, and I am not cast into the womb again. ||1||
ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥	safal mūraṯ parsa▫o sanṯan kī ihai ḏẖi▫ānā ḏẖarnā.	I behold the fruitful vision of the Saint; this is the meditation I have taken.
ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥੨॥੧੬॥	bẖa▫i▫o kirpāl ṯẖākur nānak ka▫o pari▫o sāḏẖ kī sarnā. ||2||16||	The Lord Master has become Merciful to Nanak, and he has entered the Sanctuary of the Holy. ||2||16||

sarab sukẖā banė ṯėrai olᴴai

ਆਸਾ ਮਹਲਾ ੫ ॥ (385-10)	āsā mehlā 5.	Aasaa, Fifth Mehl:
ਰਾਜ ਲੀਲਾ ਤੇਰੈ ਨਾਮਿ ਬਨਾਈ ॥	rāj līlā ṯėrai nām banā▫ī.	The pleasures of royalty are derived from Your Name.
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥	jog bani▫ā ṯėrā kīrṯan gā▫ī. ||1||	I attain Yoga, singing the Kirtan of Your Praises. ||1||
ਸਰਬ ਸੁਖਾ ਬਨੇ ਤੇਰੈ ਓਲੈ ॥	sarab sukẖā banė ṯėrai olᴴai.	All comforts are obtained in Your Shelter.
ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥੧॥ ਰਹਾਉ ॥	bẖaram kė parḏė saṯgur kẖolᴴė. ||1|| rahā▫o.	The True Guru has removed the veil of doubt. ||1||Pause||
ਹੁਕਮੁ ਬੂਝਿ ਰੰਗ ਰਸ ਮਾਣੇ ॥	hukam būjẖ rang ras māṇė.	Understanding the Command of the Lord's Will, I revel in pleasure and joy.
ਸਤਿਗੁਰ ਸੇਵਾ ਮਹਾ ਨਿਰਬਾਣੇ ॥੩॥	saṯgur sėvā mahā nirbāṇė. ||3||	Serving the True Guru, I obtain the supreme state of Nirvaanaa. ||2||
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥	jin ṯūᴺ jāṯā so girsaṯ uḏāsī parvāṇ.	One who recognizes You is recognized as a householder, and as a renunciate.
ਨਾਮਿ ਰਤਾ ਸੋਈ ਨਿਰਬਾਣੁ ॥੨॥	nām raṯā so▫ī nirbāṇ. ||2||	Imbued with the Naam, the Name of the Lord, he dwells in Nirvaanaa. ||3||
ਜਾ ਕਉ ਮਿਲਿਓ ਨਾਮੁ ਨਿਧਾਨਾ ॥	jā ka▫o mili▫o nām niḏẖānā.	One who has obtained the treasure of the Naam
ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥	bẖanaṯ nānak ṯā kā pūr kẖajānā. ||4||6||57||	- prays Nanak, his treasure-house is filled to overflowing. ||4||6||57||

sarab sukẖā mai bẖāli▫ā har jėvad na ko▫ī

ਆਸਾ ਮਹਲਾ ੫ ॥ (396-17)	āsā mehlā 5.	Aasaa, Fifth Mehl:
ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ ॥	sarab sukẖā mai bẖāli▫ā har jėvad na ko▫ī.	I have pursued all pleasures, but none is as great as the Lord.
ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ ॥੧॥	gur ṯuṯẖė ṯė pā▫ī▫ai sach sāhib so▫ī. ||1||	By the Pleasure of the Guru's Will, the True Lord Master is obtained. ||1||
ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥	balihārī gur āpṇė saḏ saḏ kurbānā.	I am a sacrifice to my Guru; I am forever and ever a sacrifice to Him.
ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥੧॥ ਰਹਾਉ ॥	nām na visra▫o ik kẖin chasā ih kījai ḏānā. ||1|| rahā▫o.	Please, grant me this one blessing, that I may never, even for an instant, forget Your Name. ||1||Pause||
ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥	bẖāgaṯẖ sachā so▫ė hai jis har ḏẖan anṯar.	How very fortunate are those who have the wealth of the Lord dīp within the heart.
ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥	so cẖẖūtai mahā jāl ṯė jis gur sabaḏ niranṯar. ||2||	They escape from the great noose of death; they are permeated with the Word of the Guru's Shabad. ||2||
ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥	gur kī mahimā ki▫ā kahā gur bibėk saṯ sar.	How can I chant the Glorious Praises of the Guru? The Guru is the ocean of Truth and clear understanding.
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥	oh āḏ jugāḏī jugah jug pūrā parmėsar. ||3||	He is the Perfect Transcendent Lord, from the very beginning, and throughout the ages. ||3||
ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ ॥	nām ḏẖi▫āvahu saḏ saḏā har har man rangė.	Meditating on the Naam, the Name of the Lord, forever and ever, my mind is filled with the Love of the Lord, Har, Har.
ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ ॥੪॥੨॥੧੦੪॥	jī▫o parāṇ ḏẖan gurū hai nānak kai sangė. ||4||2||104||	The Guru is my soul, my breath of life, and wealth; O Nanak, He is with me forever. ||4||2||104||

sarab kāraj siḏẖ bẖa▫ė gā▫ė gun gupāl

ਕਲਿਆਨ ਮਹਲਾ ੫ ॥ (1322-17)	kali▫ān mehlā 5.	Kalyaan, Fifth Mehl:
ਮਨਿ ਤਨਿ ਜਾਪੀਐ ਭਗਵਾਨ ॥	man ṯan jāpī▫ai bẖagvān.	Within my mind and body I meditate on the Lord God.
ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੂਖ ਕਲਿਆਨ ॥੧॥ ਰਹਾਉ ॥	gur pūrė suparsan bẖa▫ė saḏā sūkẖ kali▫ān. ||1|| rahā▫o.	The Perfect Guru is pleased and satisfied; I am blessed with eternal peace and happiness. ||1||Pause||
ਸਰਬ ਕਾਰਜ ਸਿਧਿ ਭਏ ਗਾਇ ਗੁਨ ਗੁਪਾਲ ॥	sarab kāraj siḏẖ bẖa▫ė gā▫ė gun gupāl.	All affairs are successfuly resolved, singing the Glorious Praises of the Lord of the World.
ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ ॥੧॥	mil sāḏẖsangaṯ parabẖū simrė nāṯẖi▫ā ḏukẖ kāl. ||1||	Joining the Saadh Sangat, the Company of the Holy, I dwell upon God, and the pain of death is taken away. ||1||
ਕਰਿ ਕਿਰਪਾ ਪ੍ਰਭ ਮੇਰਿਆ ਕਰਉ ਦਿਨੁ ਰੈਨਿ ਸੇਵ ॥	kar kirpā parabẖ mėri▫ā kara▫o ḏin rain sėv.	Please take pity on me, O my God, that I may serve You day and night.
ਨਾਨਕ ਦਾਸ ਸਰਣਾਗਤੀ ਹਰਿ ਪੁਰਖ ਪੂਰਨ ਦੇਵ ॥੨॥੫॥੮॥	nānak ḏās sarṇāgaṯī har purakẖ pūran ḏėv. ||2||5||8||	Slave Nanak sīks the Sanctuary of the Lord, the Perfect, Divine Primal Being. ||2||5||8||

sarmai ḏī▫ā munḏrā kannī pā▫ė jogī kẖinthā kar ṯū ḏa▫i▫ā

ਰਾਮਕਲੀ ਮਹਲਾ ੩ ਅਸਟਪਦੀਆ (908-10)	rāmkalī mehlā 3 asatpaḏī▫ā	Raamkalī, Third Mehl, Ashtapadīs:
ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ ॥	sarmai ḏī▫ā munḏrā kannī pā▫ė jogī kẖinthā kar ṯū ḏa▫i▫ā.	Make humility your ear-rings, Yogi, and compassion your patched coat.
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ ॥੧॥	āvaṇ jāṇ bibẖūṯ lā▫ė jogī ṯā ṯīn bẖavaṇ jiṇ la▫i▫ā. ||1||	Let coming and going be the ashes you apply to your body, Yogi, and then you shall conquer the thrī worlds. ||1||
ਐਸੀ ਕਿੰਗੁਰੀ ਵਜਾਇ ਜੋਗੀ ॥	aisī kingurī vajā▫ė jogī.	Play that harp, Yogi,
ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ ॥੧॥ ਰਹਾਉ ॥	jiṯ kingurī anhaḏ vājai har si▫o rahai liv lā▫ė. ||1|| rahā▫o.	which vibrates the unstruck sound current, and remain lovingly absorbed in the Lord. ||1||Pause||
ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ॥	saṯ sanṯokẖ paṯ kar jẖolī jogī amriṯ nām bẖugaṯ pā▫ī.	Make truth and contentment your plate and pouch, Yogi; take the Ambrosial Naam as your food.
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥੨॥	ḏẖi▫ān kā kar dandā jogī siṅī suraṯ vajā▫ī. ||2||	Make meditation your walking stick, Yogi, and make higher consciousness the horn you blow. ||2||
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ॥	man ḏarirẖ kar āsaṇ bais jogī ṯā ṯėrī kalpaṇā jā▫ī.	Make your stable mind the Yogic posture you sit in, Yogi, and then you shall be rid of your tormenting desires.
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ ॥੩॥	kā▫i▫ā nagrī meh mangaṇ charẖeh jogī ṯā nām palai pā▫ī. ||3||	Go begging in the village of the body, Yogi, and then, you shall obtain the Naam in your lap. ||3||
ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੈ ਪਾਇ ॥	iṯ kingurī ḏẖi▫ān na lāgai jogī nā sach palai pā▫ė.	This harp does not center you in meditation, Yogi, nor does it bring the True Name into your lap.
ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ ॥੪॥	iṯ kingurī sā^{N}ṯ na āvai jogī abẖimān na vichahu jā▫ė. ||4||	This harp does not bring you peace, Yogi, nor eliminate egotism from within you. ||4||
ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ ॥	bẖa▫o bẖā▫o ḏu▫ė paṯ lā▫ė jogī ih sarīr kar dandī.	Make the Fear of God, and the Love of God, the two gourds of your lute, Yogi, and make this body its neck.

ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ ॥੫॥	gurmukẖ hoveh ṯā ṯanṯī vājai in biḏẖ ṯarisnā kẖandī. ||5||	Become Gurmukh, and then vibrate the strings; in this way, your desires shall depart. ||5||
ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥	hukam bujẖai so jogī kahī▫ai ėkas si▫o chiṯ lā▫ė.	One who understands the Hukam of the Lord's Command is called a Yogi; he links his consciousness to the One Lord.
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥	sahsā ṯūtai nirmal hovai jog jugaṯ iv pā▫ė. ||6||	His cynicism is dispelled, and he becomes immaculately pure; this is how he finds the Way of Yoga. ||6||
ਨਦਰੀ ਆਵਦਾ ਸਭੁ ਕਿਛੁ ਬਿਨਸੈ ਹਰਿ ਸੇਤੀ ਚਿਤੁ ਲਾਇ ॥	naḏrī āvḏā sabẖ kicẖẖ binsai har sėṯī chiṯ lā▫ė.	Everything that comes into view shall be destroyed; focus your consciousness on the Lord.
ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ ਤਾ ਇਹ ਸੋਝੀ ਪਾਇ ॥੭॥	saṯgur nāl ṯėrī bẖāvnī lāgai ṯā ih sojẖī pā▫ė. ||7||	Enshrine love for the True Guru, and then you shall obtain this understanding. ||7||
ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥	ėhu jog na hovai jogī je kutamb cẖẖod parbẖavaṇ karahi.	This is not Yoga, O Yogi, to abandon your family and wander around.
ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥੮॥	garih sarīr meh har har nām gur parsādī apṇā har parabẖ laheh. ||8||	The Name of the Lord, Har, Har, is within the household of the body. By Guru's Grace, you shall find your Lord God. ||8||
ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥	ih jagaṯ mitī kā puṯlā jogī is meh rog vadā ṯarisnā mā▫i▫ā.	This world is a puppet of clay, Yogi; the terrible disease, the desire for Maya is in it.
ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ ॥੯॥	anėk jaṯan bẖėkẖ karė jogī rog na jā▫ė gavā▫i▫ā. ||9||	Making all sorts of efforts, and wearing religious robes, Yogi, this disease cannot be cured. ||9||
ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ ॥	har kā nām a▫ukẖaḏẖ hai jogī jis no man vasā▫ė.	The Name of the Lord is the medicine, Yogi; the Lord enshrines it in the mind.
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥੧੦॥	gurmukẖ hovai so▫ī būjẖai jog jugaṯ so pā▫ė. ||10||	One who becomes Gurmukh understands this; he alone finds the Way of Yoga. ||10||

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥	jogai kā mārag bikẖam hai jogī jis no naḏar karė so pā▫ė.	The Path of Yoga is very difficult, Yogi; he alone finds it, whom God blesses with His Grace.
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥੧੧॥	anṯar bāhar ėko vėkẖai vichahu bẖaram chukā▫ė. ||11||	Inside and outside, he sīs the One Lord; he eliminates doubt from within himself. ||11||
ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ ॥	viṇ vajā▫ī kingurī vājai jogī sā kingurī vajā▫ė.	So play the harp which vibrates without being played, Yogi.
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ ॥੧੨॥੧॥੧੦॥	kahai nānak mukaṯ hoveh jogī sāchė raheh samā▫ė. ||12||1||10||	Says Nanak, thus you shall be liberated, Yogi, and remain merged in the True Lord. ||12||1||10||

sarvaṇī kīrṯan sun▫o ḏin rāṯī hirḏai har har bẖānī

ਸਾਰਗ ਮਹਲਾ ੪ ॥ (1199-16)	sārag mehlā 4.	Saarang, Fourth Mehl:
ਮੇਰਾ ਮਨੁ ਰਾਮ ਨਾਮਿ ਮਨੁ ਮਾਨੀ ॥	mėrā man rām nām man mānī.	My mind is pleased and appeased by the Name of the Lord.
ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ ਮਨਿ ਹਰਿ ਹਰਿ ਕਥਾ ਸੁਖਾਨੀ ॥੧॥ ਰਹਾਉ ॥	mėrai hī▫arai saṯgur parīṯ lagā▫ī man har har kathā sukẖānī. ||1|| rahā▫o.	The True Guru has implanted divine love within my heart. The Sermon of the Lord, Har, Har, is pleasing to my mind. ||1||Pause||
ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ ॥	ḏīn ḏa▫i▫āl hovhu jan ūpar jan ḏėvhu akath kahānī.	Please be merciful to Your mīk and humble servant; please bless Your humble servant with Your Unspoken Spīch.
ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ ॥੧॥	sanṯ janā mil har ras pā▫i▫ā har man ṯan mīṯẖ lagānī. ||1||	Mīting with the humble Saints, I have found the sublime essence of the Lord. The Lord sīms so swīt to my mind and body. ||1||
ਹਰਿ ਕੈ ਰੰਗਿ ਰਤੇ ਬੈਰਾਗੀ ਜਿਨ੍ ਗੁਰਮਤਿ ਨਾਮੁ ਪਛਾਨੀ ॥	har kai rang raṯė bairāgī jin[H] gurmaṯ nām pacẖẖānī.	They alone are unattached, who are imbued with the Lord's Love; through the Guru's Teachings, they realize the Naam, the Name of the Lord.
ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥੨॥	purkẖai purakẖ mili▫ā sukẖ pā▫i▫ā sabẖ chūkī āvaṇ jānī. ||2||	Mīting with the Primal Being, one finds peace, and one's comings and goings in reincarnation are ended. ||2||
ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ ॥	naiṇī birahu ḏėkẖā parabẖ su▫āmī rasnā nām vakẖānī.	With my eyes, I gaze lovingly upon God, my Lord and Master. I chant His Name with my tongue.
ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ ॥੩॥	sarvaṇī kīrṯan sun▫o ḏin rāṯī hirḏai har har bẖānī. ||3||	With my ears, I listen to the Kirtan of His Praises, day and night. I love the Lord, Har, Har, with all my heart. ||3||
ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥	panch janā gur vasgaṯ āṇė ṯa▫o unman nām lagānī.	When the Guru helped me to overcome the five thieves, then I found ultimate bliss, attached to the Naam.
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥੪॥੫॥	jan nānak har kirpā ḏẖārī har rāmai nām samānī. ||4||5||	The Lord has showered His Mercy on servant Nanak; he merges in the Lord, in the Name of the Lord. ||4||5||

sarvanī sun▫o har har harė ṯẖākur jas gāva▫o

ਬਿਲਾਵਲੁ ਮਹਲਾ ੫ ॥ (812-1)	bilāval mehlā 5.	Bilaaval, Fifth Mehl:
ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥	sarvanī sun▫o har har harė ṯẖākur jas gāva▫o.	With my ears, I listen to the Lord, Har, Har; I sing the Praises of my Lord and Master.
ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥	sanṯ charaṇ kar sīs ḏẖar har nām ḏẖi▫āva▫o. ||1||	I place my hands and my head upon the fīt of the Saints, and meditate on the Lord's Name. ||1||
ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥	kar kirpā ḏa▫i▫āl parabẖ ih niḏẖ siḏẖ pāva▫o.	Be kind to me, O Merciful God, and bless me with this wealth and success.
ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥	sanṯ janā kī rėṇukā lai māthai lāva▫o. ||1|| rahā▫o.	Obtaining the dust of the fīt of the Saints, I apply it to my forehead. ||1||Pause||
ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥	nīch ṯė nīch aṯ nīch ho▫ė kar bin▫o bulāva▫o.	I am the lowest of the low, absolutely the lowest; I offer my humble prayer.
ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥	pāv malovā āp ṯi▫āg saṯsang samāva▫o. ||2||	I wash their fīt, and renounce my self-conceit; I merge in the Saints' Congregation. ||2||
ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥	sās sās nah vīsrai an kaṯeh na ḏẖāva▫o.	With each and every breath, I never forget the Lord; I never go to another.
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥	safal ḏarsan gur bẖėtī▫ai mān moh mitāva▫o. ||3||	Obtaining the Fruitful Vision of the Guru's Darshan, I discard my pride and attachment. ||3||
ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥	saṯ saṇṯokẖ ḏa▫i▫ā ḏẖaram sīgār banāva▫o.	I am embellished with truth, contentment, compassion and Dharmic faith.
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥	safal suhāgaṇ nānkā apunė parabẖ bẖāva▫o. ||4||15||45||	My spiritual marriage is fruitful, O Nanak; I am pleasing to my God. ||4||15||45||

ਗਉੜੀ ਚੇਤੀ ਮਹਲਾ ੧ ॥ (155-10)	ga▫or▫hī chė▫ṯī mehlā 1.	Gaurī Chaytī, First Mehl:
ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥	avar panch ham ėk janā ki▫o rāk▫ha▫o g▫har bār manā.	There are five of them, but I am all alone. How can I protect my hearth and home, O my mind?
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥	māreh lūteh nīṯ nīṯ kis āgai karī pukār janā. ||1||	They are beating and plundering me over and over again; unto whom can I complain? ||1||
ਸ੍ਰੀ ਰਾਮ ਨਾਮਾ ਉਚਰੁ ਮਨਾ ॥	sarī rām nāmā uchar manā.	Chant the Name of the Supreme Lord, O my mind.
ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥	āgai jam ḏal bik▫ham g▫hanā. ||1|| rahā▫o.	Otherwise, in the world hereafter, you will have to face the awesome and cruel army of Death. ||1||Pause||
ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥	usār mar▫holī rākẖai ḏu▫ārā bẖīṯar baiṯẖī sā ḏẖanā.	God has erected the temple of the body; He has placed the nine doors, and the soul-bride sits within.
ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥	amriṯ kėl karė niṯ kāmaṇ avar lutėn so panch janā. ||2||	She enjoys the swīt play again and again, while the five demons are plundering her. ||2||
ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥	ḏẖāhi mar▫holī lūti▫ā ḏėhurā sā ḏẖan pakr▫hī ėk janā.	In this way, the temple is being demolished; the body is being plundered, and the soul-bride, left all alone, is captured.
ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥	jam dandā gal sangal par▫hi▫ā bẖāg ga▫ė sė panch janā. ||3||	Death strikes her down with his rod, the shackles are placed around her neck, and now the five have left. ||3||
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥	kāmaṇ lor▫hai su▫inā rupā miṯar lur▫hėn so kẖāḏẖāṯā.	The wife yearns for gold and silver, and her friends, the senses, yearn for good food.
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥	nānak pāp karė ṯin kāraṇ jāsī jampur bāḏẖāṯā. ||4||2||14||	O Nanak, she commits sins for their sake; she shall go, bound and gagged, to the City of Death. ||4||2||14||

salok mehlā 9 (saloks of Guru Teg Bahādar)

ਸਲੋਕ ਮਹਲਾ ੯ ॥ (1426-10)	salok mehlā 9.	Shalok, Ninth Mehl:
ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥	gun gobiṇḏ gā▫i▫o nahī janam akārath kīn.	If you do not sing the Praises of the Lord, your life is rendered useless.
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥	kaho nānak har bẖaj manā jih biḏẖ jal ka▫o mīn. ||1||	Says Nanak, meditate, vibrate upon the Lord; immerse your mind in Him, like the fish in the water. ||1||
ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥	bikẖi▫an si▫o kāhė rachi▫o nimakẖ na hohi uḏās.	Why are you engrossed in sin and corruption? You are not detached, even for a moment!
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥	kaho nānak bẖaj har manā parai na jam kī fās. ||2||	Says Nanak, meditate, vibrate upon the Lord, and you shall not be caught in the noose of death. ||2||
ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥	ṯarnāpo i▫o hī ga▫i▫o lī▫o jarā ṯan jīṯ.	Your youth has passed away like this, and old age has overtaken your body.
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥	kaho nānak bẖaj har manā a▫oḏẖ jāṯ hai bīṯ. ||3||	Says Nanak, meditate, vibrate upon the Lord; your life is flīting away! ||3||
ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥	biraḏẖ bẖa▫i▫o sūjẖai nahī kāl pahūchi▫o ān.	You have become old, and you do not understand that death is overtaking you.
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥	kaho nānak nar bāvrė ki▫o na bẖajai bẖagvān. ||4||	Says Nanak, you are insane! Why do you not remember and meditate on God? ||4||
ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥	ḏẖan ḏārā sampaṯ sagal jin apunī kar mān.	Your wealth, spouse, and all the possessions which you claim as your own
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥	in mai kacẖẖ sangī nahī nānak sācẖī jān. ||5||	- none of these shall go along with you in the end. O Nanak, know this as true. ||5||

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥	patiṯ uḏẖāran bẖai haran har anāth kė nāth.	He is the Saving Grace of sinners, the Destroyer of fear, the Master of the masterless.
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥	kaho nānak ṯih jānī▫ai saḏā basaṯ ṯum sāth. ||6||	Says Nanak, realize and know Him, who is always with you. ||6||
ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥	ṯan ḏẖan jih ṯo ka▫o ḏī▫o ṯā^{N} si▫o nėhu na kīn.	He has given you your body and wealth, but you are not in love with Him.
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥	kaho nānak nar bāvrė ab ki▫o dolaṯ ḏīn. ||7||	Says Nanak, you are insane! Why do you now shake and tremble so helplessly? ||7||
ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥	ṯan ḏẖan sampai sukẖ ḏī▫o ar jih nīkė ḏẖām.	He has given you your body, wealth, property, peace and beautiful mansions.
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥	kaho nānak sun rė manā simraṯ kāhi na rām. ||8||	Says Nanak, listen, mind: why don't you remember the Lord in meditation? ||8||
ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥	sabẖ sukẖ ḏāṯā rām hai ḏūsar nāhin ko▫ė.	The Lord is the Giver of all peace and comfort. There is no other at all.
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥	kaho nānak sun rė manā ṯih simraṯ gaṯ ho▫ė. ||9||	Says Nanak, listen, mind: meditating in remembrance on Him, salvation is attained. ||9||
ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥	jih simraṯ gaṯ pā▫ī▫ai ṯih bẖaj rė ṯai mīṯ.	Remembering Him in meditation, salvation is attained; vibrate and meditate on Him, O my friend.
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥	kaho nānak sun rė manā a▫oḏẖ gẖataṯ hai nīṯ. ||10||	Says Nanak, listen, mind: your life is passing away! ||10||
ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥	pā^{N}ch ṯaṯ ko ṯan rachi▫o jānhu chaṯur sujān.	Your body is made up of the five elements; you are clever and wise - know this well.
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥	jih ṯė upji▫o nānkā līn ṯāhi mai mān. ||11||	Believe it - you shall merge once again into the One, O Nanak, from whom you originated. ||11||

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥	gẖat gẖat mai har jū basai sanṯan kahi▫o pukār.	The Dear Lord abides in each and every heart; the Saints proclaim this as true.
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥	kaho nānak ṯih bẖaj manā bẖa▫o niḏẖ uṯreh pār. ||12||	Says Nanak, meditate and vibrate upon Him, and you shall cross over the terrifying world-ocean. ||12||
ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥	sukẖ ḏukẖ jih parsai nahī lobẖ moh abẖimān.	One who is not touched by pleasure or pain, grīd, emotional attachment and egotistical pride
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥	kaho nānak sun rė manā so mūraṯ bẖagvān. ||13||	- says Nanak, listen, mind: he is the very image of God. ||13||
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥	usṯaṯ ninḏi▫ā nāhi jihi kanchan loh samān.	One who is beyond praise and slander, who looks upon gold and iron alike
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥	kaho nānak sun rė manā mukaṯ ṯāhi ṯai jān. ||14||	- says Nanak, listen, mind: know that such a person is liberated. ||14||
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥	harakẖ sog jā kai nahī bairī mīṯ samān.	One who is not affected by pleasure or pain, who looks upon friend and enemy alike
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥	kaho nānak sun rė manā mukaṯ ṯāhi ṯai jān. ||15||	- says Nanak, listen, mind: know that such a person is liberated. ||15||
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥	bẖai kāhū ka▫o ḏėṯ neh neh bẖai mānaṯ ān.	One who does not frighten anyone, and who is not afraid of anyone else
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥	kaho nānak sun rė manā gi▫ānī ṯāhi bakẖān. ||16||	- says Nanak, listen, mind: call him spiritually wise. ||16||
ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥	jihi bikẖi▫ā saglī ṯajī lī▫o bẖėkẖ bairāg.	One who has forsaken all sin and corruption, who wears the robes of neutral detachment
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥	kaho nānak sun rė manā ṯih nar māthai bẖāg. ||17||	- says Nanak, listen, mind: good destiny is written on his forehead. ||17||

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥	jihi māi▫ā mamṯā ṯajī sabẖ ṯė bẖa▫i▫o uḏās.	One who renounces Maya and possessiveness and is detached from everything
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥	kaho nānak sun rė manā ṯih gẖat barahm nivās. ||18||	- says Nanak, listen, mind: God abides in his heart. ||18||
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥	jihi parānī ha▫umai ṯajī karṯā rām pacẖẖān.	That mortal, who forsakes egotism, and realizes the Creator Lord
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥	kaho nānak vahu mukaṯ nar ih man sāchī mān. ||19||	- says Nanak, that person is liberated; O mind, know this as true. ||19||
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥	bẖai nāsan ḏurmaṯ haran kal mai har ko nām.	In this Dark Age of Kali Yuga, the Name of the Lord is the Destroyer of fear, the Eradicator of evil-mindedness.
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥	nis ḏin jo nānak bẖajai safal hohi ṯih kām. ||20||	Night and day, O Nanak, whoever vibrates and meditates on the Lord's Name, sīs all of his works brought to fruition. ||20||
ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥	jihbā gun gobinḏ bẖajahu karan sunhu har nām.	Vibrate with your tongue the Glorious Praises of the Lord of the Universe; with your ears, hear the Lord's Name.
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥	kaho nānak sun rė manā pareh na jam kai ḏẖām. ||21||	Says Nanak, listen, man: you shall not have to go to the house of Death. ||21||
ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥	jo parānī mamṯā ṯajai lobẖ moh aha^{N}kār.	That mortal who renounces possessiveness, grīd, emotional attachment and egotism
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥	kaho nānak āpan ṯarai a▫uran lėṯ uḏẖār. ||22||	- says Nanak, he himself is saved, and he saves many others as well. ||22||
ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥	ji▫o supnā ar pėkẖnā aisė jag ka▫o jān.	Like a dream and a show, so is this world, you must know.
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥	in mai kacẖẖ sācho nahī nānak bin bẖagvān. ||23||	None of this is true, O Nanak, without God. ||23||

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥	nis ḏin māi▫ā kārnė parānī ḏolaṯ nīṯ.	Night and day, for the sake of Maya, the mortal wanders constantly.
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥	kotan mai nānak ko▫ū nārā▫in jih chīṯ. ||24||	Among millions, O Nanak, there is scarcely anyone, who kīps the Lord in his consciousness. ||24||
ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥	jaisė jal ṯė buḏbuḏā upjai binsai nīṯ.	As the bubbles in the water well up and disappear again,
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥	jag rachnā ṯaisė rachī kaho nānak sun mīṯ. ||25||	so is the universe created; says Nanak, listen, O my friend! ||25||
ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥	parānī kacẖẖū na cheṯ▫ī maḏ māi▫ā kai anḏẖ.	The mortal does not remember the Lord, even for a moment; he is blinded by the wine of Maya.
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥	kaho nānak bin har bẖajan paraṯ ṯāhi jam fanḏẖ. ||26||	Says Nanak, without meditating on the Lord, he is caught by the noose of Death. ||26||
ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥	ja▫o sukẖ ka▫o chāhai saḏā saran rām kī lėh.	If you yearn for eternal peace, then sīk the Sanctuary of the Lord.
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥	kaho nānak sun rė manā ḏurlabẖ mānukẖ ḏėh. ||27||	Says Nanak, listen, mind: this human body is difficult to obtain. ||27||
ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥	māi▫ā kāran ḏẖāvhī mūrakẖ log ajān.	For the sake of Maya, the fools and ignorant people run all around.
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥	kaho nānak bin har bẖajan birthā janam sirān. ||28||	Says Nanak, without meditating on the Lord, life passes away uselessly. ||28||
ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥	jo parānī nis ḏin bẖajai rūp rām ṯih jān.	That mortal who meditates and vibrates upon the Lord night and day - know him to be the embodiment of the Lord.
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥	har jan har anṯar nahī nānak sāchī mān. ||29||	There is no difference betwīn the Lord and the humble servant of the Lord; O Nanak, know this as true. ||29||

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥	man mā▫i▫ā mai faḏẖ rahi▫o bisri▫o gobiṇḏ nām.	The mortal is entangled in Maya; he has forgotten the Name of the Lord of the Universe.
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥	kaho nānak bin har bẖajan jīvan ka▫unė kām. ||30||	Says Nanak, without meditating on the Lord, what is the use of this human life? ||30||
ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥	parānī rām na cheṯ▫ī maḏ mā▫i▫ā kai anḏẖ.	The mortal does not think of the Lord; he is blinded by the wine of Maya.
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥	kaho nānak har bẖajan bin paraṯ ṯāhi jam fanḏẖ. ||31||	Says Nanak, without meditating on the Lord, he is caught in the noose of Death. ||31||
ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥	sukẖ mai baho sangī bẖa▫ė ḏukẖ mai sang na ko▫ė.	In good times, there are many companions around, but in bad times, there is no one at all.
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥	kaho nānak har bẖaj manā anṯ sahā▫ī ho▫ė. ||32||	Says Nanak, vibrate, and meditate on the Lord; He shall be your only Help and Support in the end. ||32||
ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥	janam janam bẖarmaṯ firi▫o miti▫o na jam ko ṯarās.	Mortals wander lost and confused through countless lifetimes; their fear of death is never removed.
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥	kaho nānak har bẖaj manā nirbẖai pāvahi bās. ||33||	Says Nanak, vibrate and meditate on the Lord, and you shall dwell in the Fearless Lord. ||33||
ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥	jaṯan bahuṯ mai kar rahi▫o miti▫o na man ko mān.	I have tried so many things, but the pride of my mind has not bīn dispelled.
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥	ḏurmaṯ si▫o nānak faḏẖi▫o rākẖ lėho bẖagvān. ||34||	I am engrossed in evil-mindedness, Nanak. O God, please save me! ||34||
ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥	bāl ju▫ānī ar biraḏẖ fun ṯīn avasthā jān.	Childhood, youth and old age - know these as the thrī stages of life.
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥	kaho nānak har bẖajan bin birthā sabẖ hī mān. ||35||	Says Nanak, without meditating on the Lord, everything is useless; you must appreciate this. ||35||

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥	karṇo huṯo so nā kī▫o pari▫o lobẖ kai fanḏẖ.	You have not done what you should have done; you are entangled in the web of grīd.
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥	nānak sami▫o ram ga▫i▫o ab ki▫o rovaṯ anḏẖ. ||36||	Nanak, your time is past and gone; why are you crying now, you blind fool? ||36||
ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥	man mā▫i▫ā mai ram rahi▫o niksaṯ nāhin mīṯ.	The mind is absorbed in Maya - it cannot escape it, my friend.
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥	nānak mūraṯ chiṯar ji▫o cẖẖāḏiṯ nāhin bẖīṯ. ||37||	Nanak, it is like a picture painted on the wall - it cannot leave it. ||37||
ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥	nar cẖāhaṯ kacẖẖ a▫or a▫urai kī a▫urai bẖa▫ī.	The man wishes for something, but something different happens.
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥	chiṯvaṯ rahi▫o ṯẖaga▫ur nānak fāsī gal parī. ||38||	He plots to deceive others, O Nanak, but he places the noose around his own neck instead. ||38||
ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥	jaṯan bahuṯ sukẖ ké kī▫é ḏukẖ ko kī▫o na ko▫é.	People make all sorts of efforts to find peace and pleasure, but no one tries to earn pain.
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥	kaho nānak sun ré manā har bẖāvai so ho▫é. ||39||	Says Nanak, listen, mind: whatever pleases God comes to pass. ||39||
ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥	jagaṯ bẖikẖārī firaṯ hai sabẖ ko ḏāṯā rām.	The world wanders around begging, but the Lord is the Giver of all.
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥	kaho nānak man simar ṯih pūran hoveh kām. ||40||	Says Nanak, meditate in remembrance on Him, and all your works will be successful. ||40||
ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥	jẖūṯẖai mān kahā karai jag supné ji▫o jān.	Why do you take such false pride in yourself? You must know that the world is just a dream.
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥	in mai kacẖẖ ṯéro nahī nānak kahi▫o bakẖān. ||41||	None of this is yours; Nanak proclaims this truth. ||41||

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥	garab karaṯ hai ḏėh ko binsai cẖẖin mai mīṯ.	You are so proud of your body; it shall perish in an instant, my friend.
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥	jihi parānī har jas kahi▫o nānak ṯihi jag jīṯ. ||42||	That mortal who chants the Praises of the Lord, O Nanak, conquers the world. ||42||
ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥	jih gẖat simran rām ko so nar mukṯā jān.	That person, who meditates in remembrance on the Lord in his heart, is liberated - know this well.
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥	ṯihi nar har anṯar nahī nānak sāchī mān. ||43||	There is no difference betwīn that person and the Lord: O Nanak, accept this as the Truth. ||43||
ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥	ėk bẖagaṯ bẖagvān jih parānī kai nāhi man.	That person, who does not fīl devotion to God in his mind
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥	jaisė sūkar su▫ān nānak māno ṯāhi ṯan. ||44||	- O Nanak, know that his body is like that of a pig, or a dog. ||44||
ਸੁਆਮੀ ਕੋ ਗ੍ਰੀਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥	su▫āmī ko garihu ji▫o saḏā su▫ān ṯajaṯ nahī niṯ.	A dog never abandons the home of his master.
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥	nānak ih biḏẖ har bẖaja▫o ik man hu▫ė ik chiṯ. ||45||	O Nanak, in just the same way, vibrate, and meditate on the Lord, single-mindedly, with one-pointed consciousness. ||45||
ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥	ṯirath baraṯ ar ḏān kar man mai ḏẖarai gumān.	Those who make pilgrimages to sacred shrines, observe ritualistic fasts and make donations to charity while still taking pride in their minds
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥	nānak nihfal jāṯ ṯih ji▫o kunchar isnān. ||46||	- O Nanak, their actions are useless, like the elephant, who takes a bath, and then rolls in the dust. ||46||
ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥	sir kampi▫o pag dagmagė nain joṯ ṯė hīn.	The head shakes, the fīt stagger, and the eyes become dull and weak.

ਕਹੁ ਨਾਨਕ ਇਹ ਬਿਧਿ ਭਈ ਤਉ ਨ ਹਰਿ ਰਸਿ ਲੀਨ ॥੪੭॥	kaho nānak ih biḏẖ bẖa▫ī ṯa▫ū na har ras līn. ||47||	Says Nanak, this is your condition. And even now, you have not savored the sublime essence of the Lord. ||47||
ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥	nij kar ḏėkẖi▫o jagaṯ mai ko kāhū ko nāhi.	I had looked upon the world as my own, but no one belongs to anyone else.
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥	nānak thir har bẖagaṯ hai ṯih rākẖo man māhi. ||48||	O Nanak, only devotional worship of the Lord is permanent; enshrine this in your mind. ||48||
ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥	jag rachnā sabẖ jẖūṯẖ hai jān lėho rė mīṯ.	The world and its affairs are totally false; know this well, my friend.
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥	kahi nānak thir nā rahai ji▫o bālū kī bẖīṯ. ||49||	Says Nanak, it is like a wall of sand; it shall not endure. ||49||
ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥	rām ga▫i▫o rāvan ga▫i▫o jā ka▫o baho parvār.	Raam Chand passed away, as did Raawan, even though he had lots of relatives.
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥	kaho nānak thir kacẖẖ nahī supnė ji▫o sansār. ||50||	Says Nanak, nothing lasts forever; the world is like a dream. ||50||
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥	cẖinṯā ṯā kī kījī▫ai jo anhonī ho▫ė.	People become anxious, when something unexpected happens.
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥	ih mārag sansār ko nānak thir nahī ko▫ė. ||51||	This is the way of the world, O Nanak; nothing is stable or permanent. ||51||
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥	jo upji▫o so binas hai paro āj kai kāl.	Whatever has bīn created shall be destroyed; everyone shall perish, today or tomorrow.
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥	nānak har gun gā▫ė lė cẖẖād sagal janjāl. ||52||	O Nanak, sing the Glorious Praises of the Lord, and give up all other entanglements. ||52||
ਦੋਹਰਾ ॥	ḏohrā.	Dohraa:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥	bal cẖẖutki▫o banḏẖan paré kacẖẖū na hoṯ upā▫é.	My strength is exhausted, and I am in bondage; I cannot do anything at all.
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥	kaho nānak ab ot har gaj ji▫o hohu sahā▫é. ||53||	Says Nanak, now, the Lord is my Support; He will help me, as He did the elephant. ||53||
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥	bal ho▫ā banḏẖan cẖẖuté sabẖ kicẖẖ hoṯ upā▫é.	My strength has bīn restored, and my bonds have bīn broken; now, I can do everything.
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥	nānak sabẖ kicẖẖ ṯumrai hāth mai ṯum hī hoṯ sahā▫é. ||54||	Nanak: everything is in Your hands, Lord; You are my Helper and Support. ||54||
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥	sang sakẖā sabẖ ṯaj ga▫é ko▫ū na nib▫hi▫o sāth.	My associates and companions have all deserted me; no one remains with me.
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥	kaho nānak ih bipaṯ mai ṫék ék raghunāth. ||55||	Says Nanak, in this tragedy, the Lord alone is my Support. ||55||
ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥	nām rahi▫o sāḏẖū rahi▫o rahi▫o gur gobinḏ.	The Naam remains; the Holy Saints remain; the Guru, the Lord of the Universe, remains.
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥	kaho nānak ih jagaṯ mai kin japi▫o gur manṯ. ||56||	Says Nanak, how rare are those who chant the Guru's Mantra in this world. ||56||
ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥	rām nām ur mai gahi▫o jā kai sam nahī ko▫é.	I have enshrined the Lord's Name within my heart; there is nothing equal to it.
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥੧॥	jih simraṯ sankat mitai ḏaras ṯuhāro ho▫é. ||57||1||	Meditating in remembrance on it, my troubles are taken away; I have received the Blessed Vision of Your Darshan. ||57||1||

savāmī saran pari▫o ḏarbārė

ਟੋਡੀ ਮਹਲਾ ੫ ॥ (714-18)	todī mehlā 5.	Todī, Fifth Mehl:
ਸ੍ਵਾਮੀ ਸਰਨਿ ਪਰਿਓ ਦਰਬਾਰੇ ॥	savāmī saran pari▫o ḏarbārė.	O Lord and Master, I sīk the Sanctuary of Your Court.
ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ ॥੧॥ ਰਹਾਉ ॥	kot aprāḏẖ kẖandan kė ḏāṯė ṯujẖ bin ka▫un uḏẖārė. ||1|| rahā▫o.	Destroyer of millions of sins, O Great Giver, other than You, who else can save me? ||1||Pause||
ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥	kẖojaṯ kẖojaṯ baho parkārė sarab arath bīchārė.	Searching, searching in so many ways, I have contemplated all the objects of life.
ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ ॥੧॥	sāḏẖsang param gaṯ pā▫ī▫ai mā▫i▫ā rach banḏẖ hārė. ||1||	In the Saadh Sangat, the Company of the Holy, the supreme state is attained. But those who are engrossed in the bondage of Maya, lose the game of life. ||1||
ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿ ਜਨ ਮਿਲੇ ਪਿਆਰੇ ॥	charan kamal sang parīṯ man lāgī sur jan milė pi▫ārė.	My mind is in love with the Lord's lotus fīt; I have met the Beloved Guru, the noble, heroic being.
ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨॥੧੦॥੧੫॥	nānak anaḏ karė har jap jap saglė rog nivārė. ||2||10||15||	Nanak celebrates in bliss; chanting and meditating on the Lord, all sickness has bīn cured. ||2||10||15||

sā sėvā kīṯī safal hai jiṯ saṯgur kā man mannė

ਪਉੜੀ ਗਉੜੀ ਵਾਰ ਮਹਲਾ ੪ ॥ (314-8)	pa▫orẖī mehlā 4 ga▫orẖī kī vār mehlā 4.	Paurī: Fourth Mehl: Vaar In Gaurī, Fourth Mehl:
ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥	sā sėvā kīṯī safal hai jiṯ saṯgur kā man mannė.	Fruitful and rewarding is that service, which is pleasing to the Guru's Mind.
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥	jā saṯgur kā man mani▫ā ṯā pāp kasamal bẖannė.	When the Mind of the True Guru is pleased, then sins and misdīds run away.
ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥	upḏės je ḏiṯā saṯgurū so suṇi▫ā sikẖī kannė.	The Sikhs listen to the Teachings imparted by the True Guru.
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥	jin saṯgur kā bẖāṇā mani▫ā ṯin charẖī chavgaṇ vannė.	Those who surrender to the True Guru's Will are imbued with the four-fold Love of the Lord.
ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥	ih chāl nirālī gurmukẖī gur ḏīkẖi▫ā suṇ man bẖinnė. ||25||	This is the unique and distinct life-style of the Gurmukhs: listening to the Guru's Teachings, their minds blossom forth. ||25||

sā ḏẖarṯī bẖa▫ī harī▫āvalī jithai mėrā saṯgur baiṯẖā ā▫ė

ਮਃ ੪ ਗਉੜੀ ਕੀ ਵਾਰ ਮਹਲਾ ੪ ॥ (310-5)	mehlā 4 ga▫orẖī kī vār mehlā 4.	Fourth Mehl: Vaar In Gaurī, Fourth Mehl:
ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥	sā ḏẖarṯī bẖa▫ī harī▫āvalī jithai mėrā saṯgur baiṯẖā ā▫ė.	That land, where my True Guru comes and sits, becomes grīn and fertile.
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥	sė janṯ bẖa▫ė harī▫āvlė jinī mėrā saṯgur ḏėkẖi▫ā jā▫ė.	Those beings who go and behold my True Guru are rejuvenated.
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥	ḏẖan ḏẖan piṯā ḏẖan ḏẖan kul ḏẖan ḏẖan so jannī jin gurū jaṇi▫ā mā▫ė.	Blessed, blessed is the father; blessed, blessed is the family; blessed, blessed is the mother, who gave birth to the Guru.
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥	ḏẖan ḏẖan gurū jin nām arāḏẖi▫ā āp ṯari▫ā jinī diṯẖā ṯinā la▫ė cẖẖadā▫ė.	Blessed, blessed is the Guru, who worships and adores the Naam; He saves Himself, and emancipates those who sī Him.
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥	har saṯgur mėlhu ḏa▫i▫ā kar jan nānak ḏẖovai pā▫ė. ||2||	O Lord, be kind, and unite me with the True Guru, that servant Nanak may wash His fīt. ||2||

ਰਾਗੁ ਮਾਝ ਮਹਲਾ ੫ ॥ (97-4)	rāg mājẖ mehlā 5.	Raag Maajh, Fifth Mehl:
ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥	sā ruṯ suhāvī jiṯ ṯuḏẖ samālī.	Swīt is that season when I remember You.
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥	so kamm suhėlā jo ṯėrī gẖālī.	Sublime is that work which is done for You.
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥	so riḏā suhėlā jiṯ riḏai ṯūᴺ vuṯẖā sabẖnā kė ḏāṯārā jī▫o. ||1||	Blessed is that heart in which You dwell, O Giver of all. ||1||
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥	ṯūᴺ sājẖā sāhib bāp hamārā.	You are the Universal Father of all, O my Lord and Master.
ਨਉ ਨਿਧਿ ਤੇਰੈ ਅਖੁਟ ਭੰਡਾਰਾ ॥	na▫o niḏẖ ṯėrai akẖut bẖandārā.	Your nine treasures are an inexhaustible storehouse.
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥	jis ṯūᴺ ḏeh so ṯaripaṯ agẖāvai so▫ī bẖagaṯ ṯumārā jī▫o. ||2||	Those unto whom You give are satisfied and fulfilled; they become Your devotīs, Lord. ||2||
ਸਭੁ ਕੋ ਆਸੈ ਤੇਰੀ ਬੈਠਾ ॥	sabẖ ko āsai ṯėrī baiṯẖā.	All place their hopes in You.
ਘਟ ਘਟ ਅੰਤਰਿ ਤੂੰਹੈ ਵੁਠਾ ॥	gẖat gẖat anṯar ṯūᴺhai vuṯẖā.	You dwell dīp within each and every heart.
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥	sabẖė sājẖīvāl saḏā▫in ṯūᴺ kisai na ḏiseh bāhrā jī▫o. ||3||	All share in Your Grace; none are beyond You. ||3||
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥	ṯūᴺ āpė gurmukẖ mukaṯ karā▫ihi.	You Yourself liberate the Gurmukhs;
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥	ṯūᴺ āpė manmukẖ janam bẖavā▫ihi.	You Yourself consign the self-willed manmukhs to wander in reincarnation.
ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥	nānak ḏās ṯėrai balihārai sabẖ ṯėrā kẖėl ḏasāhrā jī▫o. ||4||2||9||	Slave Nanak is a sacrifice to You; Your Entire Play is self-evident, Lord. ||4||2||9||

sā▫ī alakẖ apār bẖorī man vasai

ਆਸਾ ਮਹਲਾ ੫ ॥ (397-3)	āsā mehlā 5.	Aasaa, Fifth Mehl:
ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥	sā▫ī alakẖ apār bẖorī man vasai.	If the Invisible and Infinite Lord dwells within my mind, even for a moment,
ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥੧॥	ḏūkẖ ḏarad rog mā▫ė maidā habẖ nasai. ||1||	then all my pains, troubles, and diseases vanish. ||1||
ਹਉ ਵੰਞਾ ਕੁਰਬਾਣੁ ਸਾਈ ਆਪਣੇ ॥	ha▫o vañā kurbāṇ sā▫ī āpṇė.	I am a sacrifice to my Lord Master.
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥੧॥ ਰਹਾਉ ॥	hovai anad gẖaṇā man ṯan jāpṇė. ||1|| rahā▫o.	Meditating on Him, a great joy wells up within my mind and body. ||1||Pause||
ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ ॥	binḏak gāleh suṇī sachė ṯis ḏẖaṇī.	I have heard only a little bit of news about the True Lord Master.
ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ॥੨॥	sūkẖī hū^{N} sukẖ pā▫ė mā▫ė na kīm gaṇī. ||2||	I have obtained the peace of all peace, O my mother; I cannot estimate its worth. ||2||
ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥	naiṇ pasanḏo so▫ė pėkẖ musṯāk bẖa▫ī.	He is so beautiful to my eyes; beholding Him, I have bīn bewitched.
ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥੩॥	mai nirguṇ mėrī mā▫ė āp larẖ lā▫ė la▫ī. ||3||	I am worthless, O my mother; He Himself has attached me to the hem of His robe. ||3||
ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥	bėḏ kaṯėb sansār habẖā hū^{N} bāhrā.	He is beyond the world of the Vedas, the Koran and the Bible.
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥	nānak kā pāṯisāhu ḏisai jāhrā. ||4||3||105||	The Supreme King of Nanak is immanent and manifest. ||4||3||105||

ਆਸਾ ਮਹਲਾ ੫ ॥ (391-7)	āsā mehlā 5.	Aasaa, Fifth Mehl:
ਅਨਿਕ ਭਾਂਤਿ ਕਰਿ ਸੇਵਾ ਕਰੀਐ ॥	anik bẖā^{N}ṯ kar sėvā karī▫ai.	Serve Him in many different ways;
ਜੀਉ ਪ੍ਰਾਨ ਧਨੁ ਆਗੈ ਧਰੀਐ ॥	jī▫o parān ḏẖan āgai ḏẖarī▫ai.	Dedicate your soul, your breath of life and your wealth to Him.
ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥	āḏ anṯ maḏẖ nānak ka▫o so parabẖ ho▫ā bėlī. ||4||16||27||	In the beginning, in the middle, and in the end, God is Nanak's best friend. ||4||16||27||

ਗਉੜੀ ਮਹਲਾ ੫ ॥ (238-10)	ga▫orẖī mehlā 5.	Gaurī, Fifth Mehl:
ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥	har si▫o jurai ṯa sabẖ ko mīṯ.	When someone attaches himself to the Lord, then everyone is his friend.
ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥	har si▫o jurai ṯa nihchal chīṯ.	When someone attaches himself to the Lord, then his consciousness is steady.
ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ॥	har si▫o jurai na vi▫āpai kārẖhā.	When someone attaches himself to the Lord, he is not afflicted by worries.
ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥	har si▫o jurai ṯa ho▫ė nisṯārā. ||1||	When someone attaches himself to the Lord, he is emancipated. ||1||
ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥	rė man mėrė ṯū[N] har si▫o jor.	O my mind, unite yourself with the Lord.
ਕਾਜਿ ਤੁਹਾਰੈ ਨਾਹੀ ਹੋਰੁ ॥੧॥ ਰਹਾਉ ॥	kāj ṯuhārai nāhī hor. ||1|| rahā▫o.	Nothing else is of any use to you. ||1||Pause||
ਵਡੇ ਵਡੇ ਜੋ ਦੁਨੀਆਦਾਰ ॥	vadė vadė jo ḏunī▫āḏār.	The great and powerful people of the world
ਕਾਹੂ ਕਾਜਿ ਨਾਹੀ ਗਾਵਾਰ ॥	kāhū kāj nāhī gāvār.	are of no use, you fool!
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥	har kā ḏās nīch kul suṇeh.	The Lord's slave may be born of humble origins,
ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥	ṯis kai sang kẖin meh uḏẖrahi. ||2||	but in his company, you shall be saved in an instant. ||2||
ਕੋਟਿ ਮਜਨ ਜਾ ਕੈ ਸੁਣਿ ਨਾਮ ॥	kot majan jā kai suṇ nām.	Hearing the Naam, the Name of the Lord, is equal to millions of cleansing baths.
ਕੋਟਿ ਪੂਜਾ ਜਾ ਕੈ ਹੈ ਧਿਆਨ ॥	kot pūjā jā kai hai ḏẖi▫ān.	Meditating on it is equal to millions of worship ceremonies.
ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥	kot punn suṇ har kī baṇī.	Hearing the Word of the Lord's Bani is equal to giving millions in alms.
ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥	kot falā gur ṯė biḏẖ jāṇī. ||3||	To know the way, through the Guru, is equal to millions of rewards. ||3||
ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥	man apunė meh fir fir cheṯ.	Within your mind, over and over again, think of Him,
ਬਿਨਸਿ ਜਾਹਿ ਮਾਇਆ ਕੇ ਹੇਤ ॥	binas jāhi mā▫i▫ā kė heṯ.	and your love of Maya shall depart.

ਹਰਿ ਅਬਿਨਾਸੀ ਤੁਮਰੈ ਸੰਗਿ ॥	har abẖināsī ṯumrai sang.	The Imperishable Lord is always with you.
ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥	man mėrė rach rām kai rang. ||4||	O my mind, immerse yourself in the Love of the Lord. ||4||
ਜਾ ਕੈ ਕਾਮਿ ਉਤਰੈ ਸਭ ਭੂਖ ॥	jā kai kām uṯrai sabẖ bẖūkẖ.	Working for Him, all hunger departs.
ਜਾ ਕੈ ਕਾਮਿ ਨ ਜੋਹਹਿ ਦੂਤ ॥	jā kai kām na joheh ḏūṯ.	Working for Him, the Messenger of Death will not be watching you.
ਜਾ ਕੈ ਕਾਮਿ ਤੇਰਾ ਵਡ ਗਮਰੁ ॥	jā kai kām ṯėrā vad gamar.	Working for Him, you shall obtain glorious greatness.
ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥੫॥	jā kai kām hoveh ṯū[N] amar. ||5||	Working for Him, you shall become immortal. ||5||
ਜਾ ਕੇ ਚਾਕਰ ਕਉ ਨਹੀ ਡਾਨ ॥	jā kė chākar ka▫o nahī dān.	His servant does not suffer punishment.
ਜਾ ਕੇ ਚਾਕਰ ਕਉ ਨਹੀ ਬਾਨ ॥	jā kė chākar ka▫o nahī bān.	His servant suffers no loss.
ਜਾ ਕੈ ਦਫਤਰਿ ਪੁਛੈ ਨ ਲੇਖਾ ॥	jā kai ḏafṯar puchẖai na lėkẖā.	In His Court, His servant does not have to answer for his account.
ਤਾ ਕੀ ਚਾਕਰੀ ਕਰਹੁ ਬਿਸੇਖਾ ॥੬॥	ṯā kī chākrī karahu bisėkẖā. ||6||	So serve Him with distinction. ||6||
ਜਾ ਕੈ ਊਨ ਨਾਹੀ ਕਾਹੂ ਬਾਤ ॥	jā kai ūn nāhī kāhū bāṯ.	He is not lacking in anything.
ਏਕਹਿ ਆਪਿ ਅਨੇਕਹਿ ਭਾਤਿ ॥	ėkeh āp anėkeh bẖāṯ.	He Himself is One, although He appears in so many forms.
ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥	jā kī ḏarisat ho▫ė saḏā nihāl.	By His Glance of Grace, you shall be happy forever.
ਮਨ ਮੇਰੇ ਕਰਿ ਤਾ ਕੀ ਘਾਲ ॥੭॥	man mėrė kar ṯā kī gẖāl. ||7||	So work for Him, O my mind. ||7||
ਨਾ ਕੋ ਚਤੁਰੁ ਨਾਹੀ ਕੋ ਮੂੜਾ ॥	nā ko chaṯur nāhī ko mūrẖā.	No one is clever, and no one is foolish.
ਨਾ ਕੋ ਹੀਣੁ ਨਾਹੀ ਕੋ ਸੂਰਾ ॥	nā ko hīṇ nāhī ko sūrā.	No one is weak, and no one is a hero.
ਜਿਤੁ ਕੋ ਲਾਇਆ ਤਿਤ ਹੀ ਲਾਗਾ ॥	jiṯ ko lā▫i▫ā ṯiṯ hī lāgā.	As the Lord attaches someone, so is he attached.
ਸੋ ਸੇਵਕੁ ਨਾਨਕ ਜਿਸੁ ਭਾਗਾ ॥੮॥੬॥	so sėvak nānak jis bẖāgā. ||8||6||	He alone is the Lord's servant, O Nanak, who is so blessed. ||8||6||

ਸੋਰਠਿ ਮਹਲਾ ੪ ॥ (607-9)	soraṯẖ mehlā 4.	Sorat'h, Fourth Mehl:
ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥	har si▫o parīṯ anṯar man bėḏẖi▫ā har bin rahaṇ na jā▫ī.	The inner depths of my mind are pierced by love for the Lord; I cannot live without the Lord.
ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥੧॥	ji▫o macẖẖulī bin nīrai binsai ṯi▫o nāmai bin mar jā▫ī. ||1||	Just as the fish dies without water, I die without the Lord's Name. ||1||
ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥	mėrė parabẖ kirpā jal ḏėvhu har nā▫ī.	O my God, please bless me with the water of Your Name.
ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥	ha▫o anṯar nām mangā ḏin rāṯī nāmė hī sā^{N}ṯ pā▫ī. rahā▫o.	I beg for Your Name, dīp within myself, day and night; through the Name, I find peace. ||Pause||
ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ ॥	ji▫o chāṯrik jal bin billāvai bin jal pi▫ās na jā▫ī.	The song-bird cries out for lack of water - without water, its thirst cannot be quenched.
ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥	gurmukẖ jal pāvai sukẖ sehjė hari▫ā bẖā▫ė subẖā▫ī. ||2||	The Gurmukh obtains the water of celestial bliss, and is rejuvenated, blossoming forth through the blessed Love of the Lord. ||2||
ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ ॥	manmukẖ bẖūkẖė ḏah ḏis doleh bin nāvai ḏukẖ pā▫ī.	The self-willed manmukhs are hungry, wandering around in the ten directions; without the Name, they suffer in pain.
ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ ॥੩॥	janam marai fir jonī āvai ḏargahi milai sajā▫ī. ||3||	They are born, only to die, and enter into reincarnation again; in the Court of the Lord, they are punished. ||3||
ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥	kirpā karahi ṯā har guṇ gāvah har ras anṯar pā▫ī.	But if the Lord shows His Mercy, then one comes to sing His Glorious Praises; dīp within the nucleus of his own self, he finds the sublime essence of the Lord's elixir.
ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥	nānak ḏīn ḏa▫i▫āl bẖa▫ė hai ṯarisnā sabaḏ bujẖā▫ī. ||4||8||	The Lord has become Merciful to mīk Nanak, and through the Word of the Shabad, his desires are quenched. ||4||8||

ਗਉੜੀ ਮਹਲਾ ੫ ॥ (194-16)	ga▫orẖī mehlā 5.	Gaurī, Fifth Mehl:
ਹਰਿ ਸਿਮਰਤ ਸਭਿ ਮਿਟਹਿ ਕਲੇਸ ॥	har simraṯ sabẖ miteh kalės.	Meditating in remembrance on the Lord, all suffering is eradicated.
ਚਰਣ ਕਮਲ ਮਨ ਮਹਿ ਪਰਵੇਸ ॥੧॥	charaṇ kamal man meh parvės. ||1||	The Lord's Lotus Fīt are enshrined within my mind. ||1||
ਉਚਰਹੁ ਰਾਮ ਨਾਮੁ ਲਖ ਬਾਰੀ ॥	uchrahu rām nām lakẖ bārī.	Chant the Lord's Name, hundreds of thousands of times, O my dear,
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥	amriṯ ras pīvhu parabẖ pi▫ārī. ||1|| rahā▫o.	and drink dīply of the Ambrosial Essence of God. ||1||Pause||
ਸੂਖ ਸਹਜ ਰਸ ਮਹਾ ਅਨੰਦਾ ॥	sūkẖ sahj ras mahā ananḏā.	Peace, celestial bliss, pleasures and the greatest ecstasy are obtained;
ਜਪਿ ਜਪਿ ਜੀਵੇ ਪਰਮਾਨੰਦਾ ॥੨॥	jap jap jīvė parmānanḏā. ||2||	chanting and meditating, you shall live in supreme bliss. ||2||
ਕਾਮ ਕ੍ਰੋਧ ਲੋਭ ਮਦ ਖੋਏ ॥	kām kroḏẖ lobẖ maḏ kẖo▫ė.	Sexual desire, anger, grīd and ego are eradicated;
ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥	sāḏẖ kai sang kilbikẖ sabẖ ḏẖo▫ė. ||3||	in the Saadh Sangat, the Company of the Holy, all sinful mistakes are washed away. ||3||
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	kar kirpā parabẖ ḏīn ḏa▫i▫ālā.	Grant Your Grace, O God, O Merciful to the mīk.
ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥	nānak ḏījai sāḏẖ ravālā. ||4||75||144||	Please bless Nanak with the dust of the fīt of the Holy. ||4||75||144||

har simraṯ ṯėrī jā▫ė balā▫ė

ਗਉੜੀ ਮਹਲਾ ੫ ॥ (193-8)	ga▫orẖī mehlā 5.	Gaurī, Fifth Mehl:
ਹਰਿ ਸਿਮਰਤ ਤੇਰੀ ਜਾਇ ਬਲਾਇ ॥	har simraṯ ṯėrī jā▫ė balā▫ė.	Remembering the Lord in meditation, your misfortune shall be taken away,
ਸਰਬ ਕਲਿਆਣ ਵਸੈ ਮਨਿ ਆਇ ॥੧॥	sarab kali▫āṇ vasai man ā▫ė. ||1||	and all joy shall come to abide in your mind. ||1||
ਭਜੁ ਮਨ ਮੇਰੇ ਏਕੋ ਨਾਮ ॥	bẖaj man mėrė ėko nām.	Meditate, O my mind, on the One Name.
ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥	jī▫a ṯėrė kai āvai kām. ||1|| rahā▫o.	It alone shall be of use to your soul. ||1||Pause||
ਰੈਣਿ ਦਿਨਸੁ ਗੁਣ ਗਾਉ ਅਨੰਤਾ ॥	raiṇ ḏinas guṇ gā▫o ananṯā.	Night and day, sing the Glorious Praises of the Infinite Lord,
ਗੁਰ ਪੂਰੇ ਕਾ ਨਿਰਮਲ ਮੰਤਾ ॥੨॥	gur pūrė kā nirmal mannṯā. ||2||	through the Pure Mantra of the Perfect Guru. ||2||
ਛੋਡਿ ਉਪਾਵ ਏਕ ਟੇਕ ਰਾਖੁ ॥	cẖẖod upāv ėk ṫėk rākẖ.	Give up other efforts, and place your faith in the Support of the One Lord.
ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥	mahā paḏārath amriṯ ras cẖākẖ. ||3||	Taste the Ambrosial Essence of this, the greatest treasure. ||3||
ਬਿਖਮ ਸਾਗਰੁ ਤੇਈ ਜਨ ਤਰੇ ॥	bikẖam sāgar ṯė▫ī jan ṯarė.	They alone cross over the treacherous world-ocean,
ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥	nānak jā ka▫o naḏar karė. ||4||68||137||	O Nanak, upon whom the Lord casts His Glance of Grace. ||4||68||137||

har har akẖar ḏu▫ė ih mālā

ਆਸਾ ਮਹਲਾ ੫ ॥ (388-4)	āsā mehlā 5.	Aasaa, Fifth Mehl:
ਹਰਿ ਹਰਿ ਅਖਰ ਦੁਇ ਇਹ ਮਾਲਾ ॥	har har akẖar ḏu▫ė ih mālā.	These two words, Har, Har, make up my maalaa.
ਜਪਤ ਜਪਤ ਭਏ ਦੀਨ ਦਇਆਲਾ ॥੧॥	japaṯ japaṯ bẖa▫ė ḏīn ḏa▫i▫ālā. ||1||	Continually chanting and reciting this rosary, God has become merciful to me, His humble servant. ||1||
ਕਰਉ ਬੇਨਤੀ ਸਤਿਗੁਰ ਅਪੁਨੀ ॥	kara▫o bėnṯī saṯgur apunī.	I offer my prayer to the True Guru.
ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ ॥੧॥ ਰਹਾਉ ॥	kar kirpā rākẖo sarṇā▫ī mo ka▫o ḏėh harė har japnī. ||1|| rahā▫o.	Shower Your Mercy upon me, and kīp me safe in Your Sanctuary; please, give me the maalaa, the rosary of Har, Har. ||1||Pause||
ਹਰਿ ਮਾਲਾ ਉਰ ਅੰਤਰਿ ਧਾਰੈ ॥	har mālā ur anṯar ḏẖārai.	One who enshrines this rosary of the Lord's Name within his heart,
ਜਨਮ ਮਰਣ ਕਾ ਦੂਖੁ ਨਿਵਾਰੈ ॥੨॥	janam maraṇ kā ḏūkẖ nivārai. ||2||	is frīd of the pains of birth and death. ||2||
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥	hirḏai samālai mukẖ har har bolai.	The humble being who contemplates the Lord within his heart, and chants the Lord's Name, Har, Har, with his mouth,
ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥	so jan iṯ uṯ kaṯeh na dolai. ||3||	never wavers, here or hereafter. ||3||
ਕਹੁ ਨਾਨਕ ਜੋ ਰਾਚੈ ਨਾਇ ॥	kaho nānak jo rāchai nā▫ė.	Says Nanak, one who is imbued with the Name,
ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥	har mālā ṯā kai sang jā▫ė. ||4||19||70||	goes to the next world with the maalaa of the Lord's Name. ||4||19||70||

har har sanṯ janā kī jīvan

ਸਾਰਗ ਮਹਲਾ ੫ ॥ (1222-1)	sārag mehlā 5.	Saarang, Fifth Mehl:
ਹਰਿ ਹਰਿ ਸੰਤ ਜਨਾ ਕੀ ਜੀਵਨਿ ॥	har har sanṯ janā kī jīvan.	The Lord, Har, Har, is the life of the humble Saints.
ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥੧॥ ਰਹਾਉ ॥	bikẖai ras bẖog amriṯ sukẖ sāgar rām nām ras pīvan. ||1|| rahā▫o.	Instead of enjoying corrupt pleasures, they drink in the Ambrosial Essence of the Name of the Lord, the Ocean of Peace. ||1||Pause||
ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥	sanchan rām nām ḏẖan raṯnā man ṯan bẖīṯar sīvan.	They gather up the priceless wealth of the Lord's Name, and weave it into the fabric of their mind and body.
ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥੧॥	har rang rāⁿg bẖa▫ė man lālā rām nām ras kẖīvan. ||1||	Imbued with the Lord's Love, their minds are dyed in the dīp crimson color of devotional love; they are intoxicated with the sublime essence of the Lord's Name. ||1||
ਜਿਉ ਮੀਨਾ ਜਲ ਸਿਉ ਉਰਝਾਨੋ ਰਾਮ ਨਾਮ ਸੰਗਿ ਲੀਵਨਿ ॥	ji▫o mīnā jal si▫o urjẖāno rām nām sang līvan.	As the fish is immersed in water, they are absorbed in the Lord's Name.
ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ ॥੨॥੬੮॥੯੧॥	nānak sanṯ cẖāṯrik kī ni▫ā▫ī har būnḏ pān sukẖ thīvan. ||2||68||91||	O Nanak, the Saints are like the rainbirds; they are comforted, drinking in the drops of the Lord's Name. ||2||68||91||

har har simrahu sanṯ gopālā

ਸੋਰਠਿ ਮਹਲਾ ੫ ॥ (617-12)	soraṯẖ mehlā 5.	Sorat'h, Fifth Mehl:
ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥	jā kai simraṇ sabẖ kacẖẖ pā▫ī▫ai birthī gẖāl na jā▫ī.	Meditating in remembrance on Him, all things are obtained, and one's efforts shall not be in vain.
ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ ॥੧॥	ṯis parabẖ ṯi▫āg avar kaṯ rāchahu jo sabẖ meh rahi▫ā samā▫ī. ||1||	Forsaking God, why do you attach yourself to another? He is contained in everything. ||1||
ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥	har har simrahu sanṯ gopālā.	O Saints, meditate in remembrance on the World-Lord, Har, Har.
ਸਾਧਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥੧॥ ਰਹਾਉ ॥	sāḏẖsang mil nām ḏẖi▫āvahu pūran hovai gẖālā. ||1|| rahā▫o.	Joining the Saadh Sangat, the Company of the Holy, meditate on the Naam, the Name of the Lord; your efforts shall be rewarded. ||1||Pause||
ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥	sār samālai niṯ paraṯipālai parėm sahiṯ gal lāvai.	He ever preserves and cherishes His servant; with Love, He hugs him close.
ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥	kaho nānak parabẖ ṯumrė bisraṯ jagaṯ jīvan kaisė pāvai. ||2||4||32||	Says Nanak, forgetting You, O God, how can the world find life? ||2||4||32||

ਜੈਤਸਰੀ ਮਃ ੪ ॥ (698-16)	jaiṯsarī mehlā 4.	Jaitsrī, Fourth Mehl:
ਹਰਿ ਹਰਿ ਹਰਿ ਹਰਿ ਨਾਮੁ ਜਪਾਹਾ ॥	har har har har nām japāhā.	Chant the Name of the Lord, Har, Har, Har, Har.
ਗੁਰਮੁਖਿ ਨਾਮੁ ਸਦਾ ਲੈ ਲਾਹਾ ॥	gurmukẖ nām saḏā lai lāhā.	As Gurmukh, ever earn the profit of the Naam.
ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਓਮਾਹਾ ਰਾਮ ॥੧॥	har har har har bẖagaṯ ḏarirẖāvahu har har nām omāhā rām. ||1||	Implant within yourself devotion to the Lord, Har, Har, Har, Har; sincerely dedicate yourself to the Name of the Lord, Har, Har. ||1||
ਹਰਿ ਹਰਿ ਨਾਮੁ ਦਇਆਲੁ ਧਿਆਹਾ ॥	har har nām ḏa▫i▫āl ḏẖi▫āhā.	Meditate on the Name of the Merciful Lord, Har, Har.
ਹਰਿ ਕੈ ਰੰਗਿ ਸਦਾ ਗੁਣ ਗਾਹਾ ॥	har kai rang saḏā guṇ gāhā.	WIth love, forever sing the Glorious Praises of the Lord.
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਓਮਾਹਾ ਰਾਮ ॥੨॥	har har har jas gẖūmar pāvhu mil saṯsang omāhā rām. ||2||	Dance to the Praises of the Lord, Har, Har, Har; mīt with the Sat Sangat, the True Congregation, with sincerity. ||2||
ਆਉ ਸਖੀ ਹਰਿ ਮੇਲਿ ਮਿਲਾਹਾ ॥	ā▫o sakẖī har mėl milāhā.	Come, O companions - let us unite in the Lord's Union.
ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥	suṇ har kathā nām lai lāhā.	Listening to the sermon of the Lord, earn the profit of the Naam.
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਓਮਾਹਾ ਰਾਮ ॥੩॥	har har kirpā ḏẖār gur mėlhu gur mili▫ai har omāhā rām. ||3||	O Lord, Har, Har, be merciful to me, and lead me to mīt the Guru; mīting the Guru, a sincere yearning for the Lord wells up in me. ||3||
ਕਰਿ ਕੀਰਤਿ ਜਸੁ ਅਗਮ ਅਥਾਹਾ ॥	kar kīraṯ jas agam athāhā.	Praise Him, the unfathomable and inaccessible Lord.
ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥	kẖin kẖin rām nām gāvāhā.	Each and every moment, sing the Lord's Name.
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ ਹਰਿ ਨਾਨਕ ਭਗਤਿ ਓਮਾਹਾ ਰਾਮ ॥੪॥੨॥੮॥	mo ka▫o ḏẖār kirpā milī▫ai gur ḏāṯė har nānak bẖagaṯ omāhā rām. ||4||2||8||	Be merciful, and mīt me, O Guru, Great Giver; Nanak yearns for the Lord's devotional worship. ||4||2||8||

har har har gun gāvhu

ਕੇਦਾਰਾ ਮਹਲਾ ੫ ॥ (1120-6)	kėḏārā mehlā 5.	Kaydaaraa, Fifth Mehl:
ਹਰਿ ਹਰਿ ਹਰਿ ਗੁਨ ਗਾਵਹੁ ॥	har har har gun gāvhu.	Sing the Glorious Praises of the Lord, Har, Har, Har.
ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥	karahu kirpā gopāl gobiḏė apnā nām japāvhu. rahā▫o.	Have Mercy on me, O Life of the World, O Lord of the Universe, that I may chant Your Name. ||Pause||
ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ ॥	kāḏẖ līė parabẖ ān bikẖai ṯė sāḏẖsang man lāvhu.	Please lift me up, God, out of vice and corruption, and attach my mind to the Saadh Sangat, the Company of the Holy.
ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥੧॥	bẖaram bẖa▫o moh kati▫o gur bachnī apnā ḏaras ḏikẖāvhu. ||1||	Doubt, fear and attachment are eradicated from that person who follows the Guru's Teachings, and gazes on the Blessed Vision of His Darshan. ||1||
ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥	sabẖ kī rėn ho▫ė man mėrā aha^{N}▫buḏẖ ṯajāvahu.	Let my mind become the dust of all; may I abandon my egotistical intellect.
ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥	apnī bẖagaṯ ḏeh ḏa▫i▫ālā vadbẖāgī nānak har pāvhu. ||2||4||6||	Please bless me with Your devotional worship, O Merciful Lord; by great good fortune, O Nanak, I have found the Lord. ||2||4||6||

ਮਾਰੂ ਮਹਲਾ ੪ ॥ (996-17)	mārū mehlā 4.	Maaroo, Fourth Mehl:
ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥	har har kathā suṇā▫ė parabẖ gurmaṯ har riḏai samāṇī.	O Lord God, please preach Your sermon to me. Through the Guru's Teachings, the Lord is merged into my heart.
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥	jap har har kathā vadbẖāgī▫ā har uṯam paḏ nirbāṇī.	Meditate on the sermon of the Lord, Har, Har, O very fortunate ones; the Lord shall bless you with the most sublime status of Nirvaanaa.
ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥	gurmukẖā man parṯīṯ hai gur pūrai nām samāṇī. ||1||	The minds of the Gurmukhs are filled with faith; through the Perfect Guru, they merge in the Naam, the Name of the Lord.||1||
ਮਨ ਮੇਰੇ ਮੈ ਹਰਿ ਹਰਿ ਕਥਾ ਮਨਿ ਭਾਣੀ ॥	man mėrė mai har har kathā man bẖāṇī.	O my mind, the sermon of the Lord, Har, Har, is pleasing to my mind.
ਹਰਿ ਹਰਿ ਕਥਾ ਨਿਤ ਸਦਾ ਕਰਿ ਗੁਰਮੁਖਿ ਅਕਥ ਕਹਾਣੀ ॥੧॥ ਰਹਾਉ ॥	har har kathā niṯ saḏā kar gurmukẖ akath kahāṇī. ||1|| rahā▫o.	Continually and forever, speak the sermon of the Lord, Har, Har; as Gurmukh, speak the Unspoken Spīch. ||1||Pause||
ਮੈ ਮਨੁ ਤਨੁ ਖੋਜਿ ਢੰਢੋਲਿਆ ਕਿਉ ਪਾਈਐ ਅਕਥ ਕਹਾਣੀ ॥	mai man ṯan kẖoj ḏẖandẖoli▫ā ki▫o pā▫ī▫ai akath kahāṇī.	I have searched through and through my mind and body; how can I attain this Unspoken Spīch?
ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ ॥	sanṯ janā mil pā▫i▫ā suṇ akath kathā man bẖāṇī.	Mīting with the humble Saints, I have found it; listening to the Unspoken Spīch, my mind is pleased.
ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ ਮੈ ਮੇਲੇ ਪੁਰਖੁ ਸੁਜਾਣੀ ॥੨॥	mėrai man ṯan nām aḏẖār har mai mėlė purakẖ sujāṇī. ||2||	The Lord's Name is the Support of my mind and body; I am united with the all-knowing Primal Lord God. ||2||
ਗੁਰ ਪੁਰਖੈ ਪੁਰਖੁ ਮਿਲਾਇ ਪ੍ਰਭ ਮਿਲਿ ਸੁਰਤੀ ਸੁਰਤਿ ਸਮਾਣੀ ॥	gur purkẖai purakẖ milā▫ė parabẖ mil surṯī suraṯ samāṇī.	The Guru, the Primal Being, has united me with the Primal Lord God. My consciousness has merged into the supreme consciousness.
ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ ॥	vadbẖāgī gur sėvi▫ā har pā▫i▫ā sugẖarẖ sujāṇī.	By great good fortune, I serve the Guru, and I have found my Lord, all-wise and all-knowing.

ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ ॥੩॥	manmukẖ bẖāg vihūṇi▫ā ṯin ḏukẖī raiṇ vihāṇī. ||3||	The self-willed manmukhs are very unfortunate; they pass their life-night in misery and pain. ||3||
ਹਮ ਜਾਚਿਕ ਦੀਨ ਪ੍ਰਭ ਤੇਰਿਆ ਮੁਖਿ ਦੀਜੈ ਅੰਮ੍ਰਿਤ ਬਾਣੀ ॥	ham jāchik ḏīn parabẖ ṯėri▫ā mukẖ ḏījai amriṯ baṇī.	I am just a mīk beggar at Your Door, God; please, place the Ambrosial Word of Your Bani in my mouth.
ਸਤਿਗੁਰੁ ਮੇਰਾ ਮਿਤ੍ਰੁ ਪ੍ਰਭ ਹਰਿ ਮੇਲਹੁ ਸੁਘੜ ਸੁਜਾਣੀ ॥	saṯgur mėrā miṯar parabẖ har mėlhu sugẖarẖ sujāṇī.	The True Guru is my friend; He unites me with my all-wise, all-knowing Lord God.
ਜਨ ਨਾਨਕ ਸਰਣਾਗਤੀ ਕਰਿ ਕਿਰਪਾ ਨਾਮਿ ਸਮਾਣੀ ॥੪॥੩॥੫॥	jan nānak sarṇāgaṯī kar kirpā nām samāṇī. ||4||3||5||	Servant Nanak has entered Your Sanctuary; grant Your Grace, and merge me into Your Name. ||4||3||5||

har har kathā sunhu ik nimakẖ pal sabẖ kilvikẖ pāp leh jānī

ਧਨਾਸਰੀ ਮਹਲਾ ੪ ॥ (667-8)	ḏẖanāsrī mehlā 4.	Dhanaasarī, Fourth Mehl:
ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥	har kā sanṯ saṯgur saṯ purkẖā jo bolai har har bānī.	The True Guru is the Lord's Saint, the True Being, who chants the Bani of the Lord, Har, Har.
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ ॥੧॥	jo jo kahai suṇai so mukṯā ham ṯis kai saḏ kurbānī. ||1||	Whoever chants it, and listens to it, is liberated; I am forever a sacrifice to him. ||1||
ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥	har kė sanṯ sunhu jas kānī.	O Saints of the Lord, listen to the Lord's Praises with your ears.
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ ਰਹਾਉ ॥	har har kathā sunhu ik nimakẖ pal sabẖ kilvikẖ pāp leh jānī. ||1|| rahā▫o.	Listen to the sermon of the Lord, Har, Har, for a moment, for even an instant, and all your sins and mistakes shall be erased. ||1||Pause||
ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ ਵਡਾਨੀ ॥	aisā sanṯ sāḏẖ jin pā▫i▫ā ṯė vad purakẖ vadānī.	Those who find such humble, Holy Saints, are the greatest of the great persons.
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ ॥੨॥	ṯin kī ḏẖūr mangah parabẖ su▫āmī ham har loch luchānī. ||2||	I beg for the dust of their fīt; I long for the longing for God, my Lord and Master. ||2||
ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੇ ਤ੍ਰਿਪਤਾਨੀ ॥	har har safli▫o birakẖ parabẖ su▫āmī jin japi▫o sė ṯariptānī.	The Name of God, the Lord and Master, Har, Har, is the fruit-bearing trī; those who meditate on it are satisfied.
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ ॥੩॥	har har amriṯ pī ṯariptāsė sabẖ lāthī bẖūkẖ bẖukẖānī. ||3||	Drinking in the ambrosia of the Name of the Lord, Har, Har, I am satisfied; all my hunger and thirst is quenched. ||3||
ਜਿਨ ਕੇ ਵਡੇ ਭਾਗ ਵਡ ਊਚੇ ਤਿਨ ਹਰਿ ਜਪਿਓ ਜਪਾਨੀ ॥	jin kė vadė bẖāg vad ūchė ṯin har japi▫o japānī.	Those who are blessed with the highest, loftiest destiny, chant and meditate on the Lord.
ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ ਜਨ ਨਾਨਕ ਦਾਸ ਦਸਾਨੀ ॥੪॥੩॥	ṯin har sangaṯ mėl parabẖ su▫āmī jan nānak ḏās ḏasānī. ||4||3||	Let me join their congregation, O God, my Lord and Master; Nanak is the slave of their slaves. ||4||3||

ਸੂਹੀ ਮਹਲਾ ੪ ॥ (732-5)	sūhī mehlā 4.	Soohī, Fourth Mehl:
ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥	har har karahi niṯ kapat kamāveh hirḏā suḏẖ na ho▫ī.	One who chants the Name of the Lord, Har, Har, while constantly practicing deception, shall never become pure of heart.
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥	an▫ḏin karam karahi bahuṯėrė supnai sukẖ na ho▫ī. ||1||	He may perform all sorts of rituals, night and day, but he shall not find peace, even in dreams. ||1||
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥	gi▫ānī gur bin bẖagaṯ na ho▫ī.	O wise ones, without the Guru, there is no devotional worship.
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥	korai rang kaḏė na charẖai jė lochai sabẖ ko▫ī. ||1|| rahā▫o.	The untreated cloth does not take up the dye, no matter how much everyone may wish it. ||1||Pause||
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥	jap ṯap sanjam varaṯ karė pūjā manmukẖ rog na jā▫ī.	The self-willed manmukh may perform chants, meditations, austere self-discipline, fasts and devotional worship, but his sickness does not go away.
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥	anṯar rog mahā abẖimānā ḏūjai bẖā▫ė kẖu▫ā▫ī. ||2||	Dīp within him is the sickness of excessive egotism; in the love of duality he is ruined. ||2||
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥	bāhar bẖėkẖ bahuṯ chaṯurā▫ī manū▫ā ḏah ḏis ḏẖāvai.	Outwardly, he wears religious robes and he is very clever, but his mind wanders in the ten directions.
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥	ha▫umai bi▫āpi▫ā sabaḏ na chīn^{H}ai fir fir jūnī āvai. ||3||	Engrossed in ego, he does not remember the Word of the Shabad; over and over again, he is reincarnated. ||3||
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥	nānak naḏar karė so būjẖai so jan nām ḏẖi▫ā▫ė.	O Nanak, that mortal who is blessed with the Lord's Glance of Grace, understands Him; that humble servant meditates on the Naam, the Name of the Lord.
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥	gur parsādī ėko būjẖai ėkas māhi samā▫ė. ||4||4||	By Guru's Grace, he understands the One Lord, and is absorbed into the One Lord. ||4||4||

har har karaṯ mitė sabẖ bẖarmā

ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨ (874-6)	rāg gond banī nāmdė▫o jī▫o kī ghar 2	Raag Gond, The Word Of Naam Dayv Jī, Second House:
ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥	har har karaṯ mitė sabẖ bẖarmā.	Chanting the Name of the Lord, Har, Har, all doubts are dispelled.
ਹਰਿ ਕੋ ਨਾਮੁ ਲੈ ਊਤਮ ਧਰਮਾ ॥	har ko nām lai ūṯam ḏẖarmā.	Chanting the Name of the Lord is the highest religion.
ਹਰਿ ਹਰਿ ਕਰਤ ਜਾਤਿ ਕੁਲ ਹਰੀ ॥	har har karaṯ jāṯ kul harī.	Chanting the Name of the Lord, Har, Har, erases social classes and ancestral pedigrīs.
ਸੋ ਹਰਿ ਅੰਧੁਲੇ ਕੀ ਲਾਕਰੀ ॥੧॥	so har anḏẖulė kī lākrī. ||1||	The Lord is the walking stick of the blind. ||1||
ਹਰਏ ਨਮਸਤੇ ਹਰਏ ਨਮਹ ॥	har▫ė namasṯė har▫ė namah.	I bow to the Lord, I humbly bow to the Lord.
ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥	har har karaṯ nahī ḏukẖ jamah. ||1|| rahā▫o.	Chanting the Name of the Lord, Har, Har, you will not be tormented by the Messenger of Death. ||1||Pause||
ਹਰਿ ਹਰਨਾਖਸ ਹਰੇ ਪਰਾਨ ॥	har harnākẖas harė parān.	The Lord took the life of Harnaakhash,
ਅਜੈਮਲ ਕੀਓ ਬੈਕੁੰਠਹਿ ਥਾਨ ॥	ajaimal kī▫o baikunṯẖeh thān.	and gave Ajaamal a place in heaven.
ਸੂਆ ਪੜਾਵਤ ਗਨਿਕਾ ਤਰੀ ॥	sū▫ā parẖāvaṯ ganikā ṯarī.	Teaching a parrot to speak the Lord's Name, Ganika the prostitute was saved.
ਸੋ ਹਰਿ ਨੈਨਹੁ ਕੀ ਪੂਤਰੀ ॥੨॥	so har nainhu kī pūṯrī. ||2||	That Lord is the light of my eyes. ||2||
ਹਰਿ ਹਰਿ ਕਰਤ ਪੂਤਨਾ ਤਰੀ ॥	har har karaṯ pūṯnā ṯarī.	Chanting the Name of the Lord, Har, Har, Pootna was saved,
ਬਾਲ ਘਾਤਨੀ ਕਪਟਹਿ ਭਰੀ ॥	bāl gẖāṯnī kaptahi bẖarī.	even though she was a deceitful child-killer.
ਸਿਮਰਨ ਦ੍ਰੋਪਦ ਸੁਤ ਉਧਰੀ ॥	simran ḏaropaḏ suṯ uḏẖrī.	Contemplating the Lord, Dropadi was saved.
ਗਊਤਮ ਸਤੀ ਸਿਲਾ ਨਿਸਤਰੀ ॥੩॥	ga▫ūṯam saṯī silā nisṯarī. ||3||	Gautam's wife, turned to stone, was saved. ||3||
ਕੇਸੀ ਕੰਸ ਮਥਨੁ ਜਿਨਿ ਕੀਆ ॥	kėsī kans mathan jin kī▫ā.	The Lord, who killed Kaysī and Kans,
ਜੀਅ ਦਾਨੁ ਕਾਲੀ ਕਉ ਦੀਆ ॥	jī▫a ḏān kālī ka▫o ḏī▫ā.	gave the gift of life to Kali.
ਪ੍ਰਣਵੈ ਨਾਮਾ ਐਸੋ ਹਰੀ ॥	paraṇvai nāmā aiso harī.	Prays Naam Dayv, such is my Lord;
ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥	jās japaṯ bẖai apḏā ṭarī. ||4||1||5||	meditating on Him, fear and suffering are dispelled. ||4||1||5||

ਜੈਤਸਰੀ ਮਃ ੪ ॥ (699-3)	jaiṯsarī mehlā 4.	Jaitsrī, Fourth Mehl:
ਰਸਿ ਰਸਿ ਰਾਮੁ ਰਸਾਲੁ ਸਲਾਹਾ ॥	ras ras rām rasāl salāhā.	With love and energetic affection, praise the Lord, the storehouse of Nectar.
ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥	man rām nām bẖīnā lai lāhā.	My mind is drenched with the Lord's Name, and so it earns this profit.
ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਓਮਾਹਾ ਰਾਮ ॥੧॥	kẖin kẖin bẖagaṯ karah ḏin rāṯī gurmaṯ bẖagaṯ omāhā rām. ||1||	Each and every moment, worship Him in devotion, day and night; through the Guru's Teachings, sincere love and devotion well up. ||1||
ਹਰਿ ਹਰਿ ਗੁਣ ਗੋਵਿੰਦ ਜਪਾਹਾ ॥	har har guṇ govinḏ japāhā.	Chant the Glorious Praises of the Lord of the Universe, Har, Har.
ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥	man ṯan jīṯ sabaḏ lai lāhā.	Conquering mind and body, I have earned the profit of the Shabad.
ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥	gurmaṯ panch ḏūṯ vas āvahi man ṯan har omāhā rām. ||2||	Through the Guru's Teachings, the five demons are over-powered, and the mind and body are filled with a sincere yearning for the Lord. ||2||
ਨਾਮੁ ਰਤਨੁ ਹਰਿ ਨਾਮੁ ਜਪਾਹਾ ॥	nām raṯan har nām japāhā.	The Name is a jewel - chant the Lord's Name.
ਹਰਿ ਗੁਣ ਗਾਇ ਸਦਾ ਲੈ ਲਾਹਾ ॥	har guṇ gā▫ė saḏā lai lāhā.	Sing the Glorious Praises of the Lord, and forever earn this profit.
ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਓਮਾਹਾ ਰਾਮ ॥੩॥	ḏīn ḏa▫i▫āl kirpā kar māḏẖo har har nām omāhā rām. ||3||	O Lord, merciful to the mīk, be kind to me, and bless me with sincere longing for the Name of the Lord, Har, Har. ||3||
ਜਪਿ ਜਗਦੀਸੁ ਜਪਉ ਮਨ ਮਾਹਾ ॥	jap jagḏīs japa▫o man māhā.	Meditate on the Lord of the world - meditate within your mind.
ਹਰਿ ਹਰਿ ਜਗੰਨਾਥੁ ਜਗਿ ਲਾਹਾ ॥	har har jagannāth jag lāhā.	The Lord of the Universe, Har, Har, is the only real profit in this world.
ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥	ḏẖan ḏẖan vaḏė ṯẖākur parabẖ mėrė jap nānak bẖagaṯ omāhā rām. ||4||3||9||	Blessed, blessed, is my Great Lord and Master God; O Nanak, meditate on Him, worship Him with sincere love and devotion. ||4||3||9||

ਮਹਲਾ ੫ ਗਉੜੀ ॥ (241-14)	mehlā 5 ga▫orẖī.	Fifth Mehl, Gaurī:
ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥	har har gur gur karaṯ bẖaram ga▫ė.	Dwelling upon the Lord, Har, Har, and the Guru, the Guru, my doubts have bīn dispelled.
ਮੇਰੈ ਮਨਿ ਸਭਿ ਸੁਖ ਪਾਇਓ ॥੧॥ ਰਹਾਉ॥	mėrai man sabẖ sukẖ pā▫i▫o. ||1|| rahāo.	My mind has obtained all comforts. ||1||Pause||
ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥	balṯo jalṯo ṯa▫uki▫ā gur chanḏan sīṯlā▫i▫o. ||1||	I was burning, on fire, and the Guru poured water on me; He is cooling and soothing, like the sandalwood trī. ||1||
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥	agi▫ān anḏẖėrā mit ga▫i▫ā gur gi▫ān ḏīpā▫i▫o. ||2||	The darkness of ignorance has bīn dispelled; the Guru has lit the lamp of spiritual wisdom. ||2||
ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥	pāvak sāgar gahro char sanṯan nāv ṯarā▫i▫o. ||3||	The ocean of fire is so dīp; the Saints have crossed over, in the boat of the Lord's Name. ||3||
ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥੪॥	nā ham karam na ḏẖaram such parabẖ geh bẖujā āpā▫i▫o. ||4||	I have no good karma; I have no Dharmic faith or purity. But God has taken me by the arm, and made me His own. ||4||
ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ ॥੫॥	bẖa▫o kẖandan ḏukẖ bẖanjno bẖagaṯ vacẖẖal har nā▫i▫o. ||5||	The Destroyer of fear, the Dispeller of pain, the Lover of His Saints - these are the Names of the Lord. ||5||
ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ ॥੬॥	anāthah nāth kirpāl ḏīn sammrith sanṯ otā▫i▫o. ||6||	He is the Master of the masterless, Merciful to the mīk, All-powerful, the Support of His Saints. ||6||
ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ ॥੭॥	nirgunī▫ārė kī bėnṯī ḏėh ḏaras har rā▫i▫o. ||7||	I am worthless - I offer this prayer, O my Lord King: "Please, grant me the Blessed Vision of Your Darshan."||7||
ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ ॥੮॥੨॥੧੪॥	nānak saran ṯuhārī ṯẖākur sėvak ḏu▫ārai ā▫i▫o. ||8||2||14||	Nanak has come to Your Sanctuary, O my Lord and Master; Your servant has come to Your Door. ||8||2||14||

ਸਿਰੀਰਾਗੁ ਮਹਲਾ ੧ ॥ (22-3)	sirīrāg mehlā 1.	Sirī Raag, First Mehl:
ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥	har har japahu pi▫āri▫ā gurmaṯ lė har bol.	Meditate on the Lord, Har, Har, O my beloved; follow the Guru's Teachings, and speak of the Lord.
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥	man sach kasvatī lā▫ī▫ai ṯulī▫ai pūrai ṯol.	Apply the Touchstone of Truth to your mind, and sī if it comes up to its full weight.
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥	kīmaṯ kinai na pā▫ī▫ai riḏ māṇak mol amol. ||1||	No one has found the worth of the ruby of the heart; its value cannot be estimated. ||1||
ਭਾਈ ਰੇ ਹਰਿ ਹੀਰਾ ਗੁਰ ਮਾਹਿ ॥	bẖā▫ī rė har hīrā gur māhi.	O Siblings of Destiny, the Diamond of the Lord is within the Guru.
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥	saṯsangaṯ saṯgur pā▫ī▫ai ahinis sabaḏ salāhi. ||1|| rahā▫o.	The True Guru is found in the Sat Sangat, the True Congregation. Day and night, praise the Word of His Shabad. ||1||Pause||
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥	sach vakẖar ḏẖan rās lai pā▫ī▫ai gur pargās.	The True Merchandise, Wealth and Capital are obtained through the Radiant Light of the Guru.
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥	ji▫o agan marai jal pā▫i▫ai ṯi▫o ṯarisnā ḏāsan ḏās.	Just as fire is extinguished by pouring on water, desire becomes the slave of the Lord's slaves.
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥	jam janḏār na lag▫ī i▫o bẖa▫ojal ṯarai ṯarās. ||2||	The Messenger of Death will not touch you; in this way, you shall cross over the terrifying world-ocean, carrying others across with you. ||2||
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥	gurmukẖ kūrẖ na bẖāv▫ī sach raṯė sach bẖā▫ė.	The Gurmukhs do not like falsehood. They are imbued with Truth; they love only Truth.
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥	sākaṯ sach na bẖāv▫ī kūrhai kūrẖī pā^{N}▫ė.	The shaaktas, the faithless cynics, do not like the Truth; false are the foundations of the false.
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ	sach raṯė gur mėli▫ai sachė sach	Imbued with Truth, you shall mīt the Guru. The true ones

ਸਮਾਇ ॥੩॥	samā▫ė. ||3||	are absorbed into the True Lord. ||3||
ਮਨ ਮਹਿ ਮਾਣਕ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥	man meh māṇak lāl nām raṯan paḏārath hīr.	Within the mind are emeralds and rubies, the Jewel of the Naam, treasures and diamonds.
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥	sach vakẖar ḏẖan nām hai gẖat gẖat gahir gambẖīr.	The Naam is the True Merchandise and Wealth; in each and every heart, His Presence is dīp and profound.
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥	nānak gurmukẖ pā▫ī▫ai ḏa▫i▫ā karė har hīr. ||4||21||	O Nanak, the Gurmukh finds the Diamond of the Lord, by His Kindness and Compassion. ||4||21||

har har nām apār amolī

ਬਿਲਾਵਲੁ ਮਹਲਾ ੫ ॥ (822-3)	bilāval mehlā 5.	Bilaaval, Fifth Mehl:
ਹਰਿ ਹਰਿ ਨਾਮੁ ਅਪਾਰ ਅਮੋਲੀ ॥	har har nām apār amolī.	The Name of the Lord, Har, Har, is infinite and priceless.
ਪ੍ਰਾਨ ਪਿਆਰੋ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥੧॥ ਰਹਾਉ ॥	parān pi▫āro maneh aḏẖāro chīṯ chiṯva▫o jaisė pān ṯambolī. ||1|| rahā▫o.	It is the Beloved of my breath of life, and the Support of my mind; I remember it, as the betel leaf chewer remembers the betel leaf. ||1||Pause||
ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥	sahj samā▫i▫o gureh baṯā▫i▫o rang rangī mėrė ṯan kī cholī.	I have bīn absorbed in celestial bliss, following the Guru's Teachings; my body-garment is imbued with the Lord's Love.
ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥	pari▫a mukẖ lāgo ja▫o vadbẖāgo suhāg hamāro kaṯahu na dolī. ||1||	I come face to face with my Beloved, by great good fortune; my Husband Lord never wavers. ||1||
ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥	rūp na ḏẖūp na ganḏẖ na ḏīpā oṯ poṯ ang ang sang ma▫ulī.	I do not nīd any image, or incense, or perfume, or lamps; through and through, He is blossoming forth, with me, life and limb.
ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥੨॥੩॥੮੯॥	kaho nānak pari▫a ravī suhāgan aṯ nīkī mėrī banī kẖatolī. ||2||3||89||	Says Nanak, my Husband Lord has ravished and enjoyed His soul-bride; my bed has become very beautiful and sublime. ||2||3||89||

har har nām amolā

ਆਸਾ ਮਹਲਾ ੫ ॥ (407-5)	āsā mehlā 5.	Aasaa, Fifth Mehl:
ਹਰਿ ਹਰਿ ਨਾਮੁ ਅਮੋਲਾ ॥	har har nām amolā.	The Name of the Lord, Har, Har, is priceless.
ਓਹੁ ਸਹਜਿ ਸੁਹੇਲਾ ॥੧॥ ਰਹਾਉ ॥	oh sahj suhėlā. ||1|| rahā▫o.	It brings peace and poise. ||1||Pause||
ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥	sang sahā▫ī cẖẖod na jā▫ī oh agah aṯolā. ||1||	The Lord is my Companion and Helper; He shall not forsake me or leave me. He is unfathomable and unequalled. ||1||
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥	parīṯam bẖā▫ī bāp moro mā▫ī bẖagṯan kā olʰā. ||2||	He is my Beloved, my brother, father and mother; He is the Support of His devotīs. ||2||
ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥	alakẖ lakẖā▫i▫ā gur ṯė pā▫i▫ā nānak ih har kā cholʰā. ||3||5||145||	The Invisible Lord is sīn through the Guru; O Nanak, this is the wondrous play of the Lord. ||3||5||145||

har har nām sanṯan kai sang

ਗਉੜੀ ਮਹਲਾ ੫ ॥ (197-10)	ga▫orẖī mehlā 5.	Gaurī, Fifth Mehl:
ਬਾਹਰਿ ਰਾਖਿਓ ਰਿਦੈ ਸਮਾਲਿ ॥	bāhar rākẖi▫o riḏai samāl.	When they are out and about, they kīp Him enshrined in their hearts;
ਘਰਿ ਆਏ ਗੋਵਿੰਦੁ ਲੈ ਨਾਲਿ ॥੧॥	gẖar ā▫ė govinḏ lai nāl. ||1||	returning home, the Lord of the Universe is still with them. ||1||
ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥	har har nām sanṯan kai sang.	The Name of the Lord, Har, Har, is the Companion of His Saints.
ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ ਰਹਾਉ ॥	man ṯan rāṯā rām kai rang. ||1|| rahā▫o.	Their minds and bodies are imbued with the Love of the Lord. ||1||Pause||
ਗੁਰ ਪਰਸਾਦੀ ਸਾਗਰੁ ਤਰਿਆ ॥	gur parsādī sāgar ṯari▫ā.	By Guru's Grace, one crosses over the world-ocean;
ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥	janam janam kė kilvikẖ sabẖ hiri▫ā. ||2||	the sinful mistakes of countless incarnations are all washed away. ||2||
ਸੋਭਾ ਸੁਰਤਿ ਨਾਮਿ ਭਗਵੰਤੁ ॥	sobẖā suraṯ nām bẖagvanṯ.	Honor and intuitive awareness are acquired through the Name of the Lord God.
ਪੂਰੇ ਗੁਰ ਕਾ ਨਿਰਮਲ ਮੰਤੁ ॥੩॥	pūrė gur kā nirmal manṯ. ||3||	The Teachings of the Perfect Guru are immaculate and pure. ||3||
ਚਰਣ ਕਮਲ ਹਿਰਦੇ ਮਹਿ ਜਾਪੁ ॥	charaṇ kamal hirḏė meh jāp.	Within your heart, meditate on the His Lotus Fīt.
ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥	nānak pėkẖ jīvai parṯāp. ||4||88||157||	Nanak lives by beholding the Lord's Expansive Power. ||4||88||157||

har har nām japahu niṯ parāṇī

ਗਉੜੀ ਮਹਲਾ ੫ ॥ (192-16)	ga▫orẖī mehlā 5.	Gaurī, Fifth Mehl:
ਕਣ ਬਿਨਾ ਜੈਸੇ ਥੋਥਰ ਤੁਖਾ ॥	kaṇ binā jaisė thothar ṯukẖā.	As the husk is empty without the grain,
ਨਾਮ ਬਿਹੂਨ ਸੂਨੇ ਸੇ ਮੁਖਾ ॥੧॥	nām bihūn sūnė sė mukẖā. ||1||	so is the mouth empty without the Naam, the Name of the Lord. ||1||
ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥	har har nām japahu niṯ parāṇī.	O mortal, chant continually the Name of the Lord, Har, Har.
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥ ਰਹਾਉ ॥	nām bihūn ḏẖarig ḏėh bigānī. ||1|| rahā▫o.	Without the Naam, cursed is the body, which shall be taken back by Death. ||1||Pause||
ਨਾਮ ਬਿਨਾ ਨਾਹੀ ਮੁਖਿ ਭਾਗੁ ॥	nām binā nāhī mukẖ bẖāg.	Without the Naam, no one's face shows good fortune.
ਭਰਤ ਬਿਹੂਨ ਕਹਾ ਸੋਹਾਗੁ ॥੨॥	bẖaraṯ bihūn kahā sohāg. ||2||	Without the Husband, where is the marriage? ||2||
ਨਾਮੁ ਬਿਸਾਰਿ ਲਗੈ ਅਨ ਸੁਆਇ ॥	nām bisār lagai an su▫ā▫ė.	Forgetting the Naam, and attached to other tastes,
ਤਾ ਕੀ ਆਸ ਨ ਪੂਜੈ ਕਾਇ ॥੩॥	ṯā kī ās na pūjai kā▫ė. ||3||	no desires are fulfilled. ||3||
ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥	kar kirpā parabẖ apnī ḏāṯ.	O God, grant Your Grace, and give me this gift.
ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥	nānak nām japai ḏin rāṯ. ||4||65||134||	Please, let Nanak chant Your Name, day and night. ||4||65||134||

ਗਉੜੀ ਗੁਆਰੇਰੀ ਮਹਲਾ ੩ (161-7)	ga▫orẖī gu▫ārėrī mehlā 3.	Gaurī Gwaarayrī, Third Mehl:
ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥	jinā gurmukẖ ḏẖi▫ā▫i▫ā ṯin pūcẖẖa▫o jā▫ė.	Go and ask the Gurmukhs, who meditate on the Lord.
ਗੁਰ ਸੇਵਾ ਤੇ ਮਨੁ ਪਤੀਆਇ ॥	gur sėvā ṯė man paṯī▫ā▫ė.	Serving the Guru, the mind is satisfied.
ਸੇ ਧਨਵੰਤ ਹਰਿ ਨਾਮੁ ਕਮਾਇ ॥	sė ḏẖanvanṯ har nām kamā▫ė.	Those who earn the Lord's Name are wealthy.
ਪੂਰੇ ਗੁਰ ਤੇ ਸੋਝੀ ਪਾਇ ॥੧॥	pūrė gur ṯė sojẖī pā▫ė. ||1||	Through the Perfect Guru, understanding is obtained. ||1||
ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥	har har nām japahu mėrė bẖā▫ī.	Chant the Name of the Lord, Har, Har, O my Siblings of Destiny.
ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥	gurmukẖ sėvā har gẖāl thā▫ė pā▫ī. ||1|| rahā▫o.	The Gurmukhs serve the Lord, and so they are accepted. ||1||Pause||
ਆਪੁ ਪਛਾਣੈ ਮਨੁ ਨਿਰਮਲੁ ਹੋਇ ॥	āp pacẖẖāṇai man nirmal ho▫ė.	Those who recognize the self - their minds become pure.
ਜੀਵਨ ਮੁਕਤਿ ਹਰਿ ਪਾਵੈ ਸੋਇ ॥	jīvan mukaṯ har pāvai so▫ė.	They become Jivan-mukta, liberated while yet alive, and they find the Lord.
ਹਰਿ ਗੁਣ ਗਾਵੈ ਮਤਿ ਊਤਮ ਹੋਇ ॥	har guṇ gāvai maṯ ūṯam ho▫ė.	Singing the Glorious Praises of the Lord, the intellect becomes pure and sublime,
ਸਹਜੇ ਸਹਜਿ ਸਮਾਵੈ ਸੋਇ ॥੨॥	sehjė sahj samāvai so▫ė. ||2||	and they are easily and intuitively absorbed in the Lord. ||2||
ਦੂਜੈ ਭਾਇ ਨ ਸੇਵਿਆ ਜਾਇ ॥	ḏūjai bẖā▫ė na sėvi▫ā jā▫ė.	In the love of duality, no one can serve the Lord.
ਹਉਮੈ ਮਾਇਆ ਮਹਾ ਬਿਖੁ ਖਾਇ ॥	ha▫umai mā▫i▫ā mahā bikẖ kẖā▫ė.	In egotism and Maya, they are eating toxic poison.
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥	puṯ kutamb garihi mohi▫ā mā▫ė.	They are emotionally attached to their children, family and home.
ਮਨਮੁਖਿ ਅੰਧਾ ਆਵੈ ਜਾਇ ॥੩॥	manmukẖ anḏẖā āvai jā▫ė. ||3||	The blind, self-willed manmukhs come and go in reincarnation. ||3||
ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥	har har nām ḏėvai jan so▫ė. an▫ḏin bẖagaṯ gur sabḏī ho▫ė.	Those, unto whom the Lord bestows His Name, worship Him night and day, through the Word of the Guru's Shabad.
ਗੁਰਮਤਿ ਵਿਰਲਾ ਬੂਝੈ ਕੋਇ ॥	gurmaṯ virlā būjẖai ko▫ė.	How rare are those who understand the Guru's Teachings!
ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥	nānak nām samāvai so▫ė. ||4||12||32||	O Nanak, they are absorbed in the Naam, the Name of the Lord. ||4||12||32||

har har nām ḏī▫o gur sāthė

ਸਾਰਗ ਮਹਲਾ ੫ ॥ (1212-17)	sārag mehlā 5.	Saarang, Fifth Mehl:
ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥	har har nām ḏī▫o gur sāthė.	The Guru has given me the Name of the Lord, Har, Har, as my Companion.
ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥੧॥ ਰਹਾਉ ॥	nimakẖ bachan parabẖ hī▫arai basi▫o sagal bẖūkẖ mėrī lāthė. ||1|| rahā▫o.	If the Word of God dwells within my heart for even an instant, all my hunger is relieved. ||1||Pause||
ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਨਾਥੇ ॥	kirpā niḏẖān guṇ nā▫ik ṯẖākur sukẖ samūh sabẖ nāthė.	O Treasure of Mercy, Master of Excellence, my Lord and Master, Ocean of peace, Lord of all.
ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ ॥੧॥	ėk ās mohi ṯėrī su▫āmī a▫or ḏuṯī▫ā ās birāthė. ||1||	My hopes rest in You alone, O my Lord and Master; hope in anything else is useless. ||1||
ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ ॥	naiṇ ṯaripṯāsė ḏėkẖ ḏarsāvā gur kar ḏẖārė mėrai māthė.	My eyes were satisfied and fulfilled, gazing upon the Blessed Vision of His Darshan, when the Guru placed His Hand on my forehead.
ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥੨॥੨੦॥੪੩॥	kaho nānak mai aṯul sukẖ pā▫i▫ā janam maraṇ bẖai lāthė. ||2||20||43||	Says Nanak, I have found immeasurable peace; my fear of birth and death is gone. ||2||20||43||

ਸੋਰਠਿ ਮਹਲਾ ੫ ॥ (622-15)	soraṯẖ mehlā 5.	Sorat'h, Fifth Mehl:
ਠਾਢਿ ਪਾਈ ਕਰਤਾਰੇ ॥	ṯẖāḏẖ pā▫ī karṯārė.	The Creator has brought utter peace to my home;
ਤਾਪੁ ਛੋਡਿ ਗਇਆ ਪਰਵਾਰੇ ॥	ṯāp cẖẖod ga▫i▫ā parvārė.	the fever has left my family.
ਗੁਰਿ ਪੂਰੈ ਹੈ ਰਾਖੀ ॥	gur pūrai hai rākẖī.	The Perfect Guru has saved us.
ਸਰਣਿ ਸਚੇ ਕੀ ਤਾਕੀ ॥੧॥	saraṇ sachė kī ṯākī. ||1||	I sought the Sanctuary of the True Lord. ||1||
ਪਰਮੇਸਰੁ ਆਪਿ ਹੋਆ ਰਖਵਾਲਾ ॥	parmėsar āp ho▫ā rakẖvālā.	The Transcendent Lord Himself has become my Protector.
ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥	sāⁿṯ sahj sukẖ kẖin meh upjė man ho▫ā saḏā sukẖālā. rahā▫o.	Tranquility, intuitive peace and poise welled up in an instant, and my mind was comforted forever. ||Pause||
ਹਰਿ ਹਰਿ ਨਾਮੁ ਦੀਓ ਦਾਰੂ ॥	har har nām ḏī▫o ḏārū.	The Lord, Har, Har, gave me the medicine of His Name,
ਤਿਨਿ ਸਗਲਾ ਰੋਗੁ ਬਿਦਾਰੂ ॥	ṯin saglā rog biḏārū.	which has cured all disease.
ਅਪਣੀ ਕਿਰਪਾ ਧਾਰੀ ॥	apṇī kirpā ḏẖārī.	He extended His Mercy to me,
ਤਿਨਿ ਸਗਲੀ ਬਾਤ ਸਵਾਰੀ ॥੨॥	ṯin saglī bāṯ savārī. ||2||	and resolved all these affairs. ||2||
ਪ੍ਰਭਿ ਅਪਨਾ ਬਿਰਦੁ ਸਮਾਰਿਆ ॥	parabẖ apnā biraḏ samāri▫ā.	God confirmed His loving nature;
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥	hamrā guṇ avguṇ na bīchāri▫ā.	He did not take my merits or demerits into account.
ਗੁਰ ਕਾ ਸਬਦੁ ਭਇਓ ਸਾਖੀ ॥	gur kā sabaḏ bẖa▫i▫o sākẖī.	The Word of the Guru's Shabad has become manifest,
ਤਿਨਿ ਸਗਲੀ ਲਾਜ ਰਾਖੀ ॥੩॥	ṯin saglī lāj rākẖī. ||3||	and through it, my honor was totally preserved. ||3||
ਬੋਲਾਇਆ ਬੋਲੀ ਤੇਰਾ ॥	bolā▫i▫ā bolī ṯėrā.	I speak as You cause me to speak;
ਤੂ ਸਾਹਿਬੁ ਗੁਣੀ ਗਹੇਰਾ ॥	ṯū sāhib guṇī gahėrā.	O Lord and Master, You are the ocean of excellence.
ਜਪਿ ਨਾਨਕ ਨਾਮੁ ਸਚੁ ਸਾਖੀ ॥	jap nānak nām sach sākẖī.	Nanak chants the Naam, the Name of the Lord, according to the Teachings of Truth.
ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥	apunė ḏās kī paij rākẖī. ||4||6||56||	God preserves the honor of His slaves. ||4||6||56||

ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ (537-13)	rāg bihāgarẖā cẖẖanṯ mehlā 4 gẖar 1	Raag Bihaagraa, Chhant, Fourth Mehl, First House:
ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥	har har nām ḏẖi▫ā▫ī▫ai mėrī jinḏurẖī▫ė gurmukẖ nām amolė rām.	Meditate on the Name of the Lord, Har, Har, O my soul; as Gurmukh, meditate on the invaluable Name of the Lord.
ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥	har ras bīḏẖā har man pi▫ārā man har ras nām jẖakolė rām.	My mind is pierced through by the sublime essence of the Lord's Name. The Lord is dear to my mind. With the sublime essence of the Lord's Name, my mind is washed clean.
ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥	gurmaṯ man ṯẖehrā▫ī▫ai mėrī jinḏurẖī▫ė anaṯ na kāhū dolė rām.	Under Guru's Instructions, hold your mind steady; O my soul, do not let it wander anywhere.
ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥	man cẖinḏi▫arẖā fal pā▫i▫ā har parabẖ guṇ nānak baṇī bolė rām. ||1||	One who utters the Bani of the Praises of the Lord God, O Nanak, obtains the fruits of his heart's desires. ||1||
ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥	gurmaṯ man amriṯ vuṯẖ▫rẖā mėrī jinḏurẖī▫ė mukẖ amriṯ baiṇ alā▫ė rām.	Under Guru's Instruction, the Ambrosial Name abides within the mind, O my soul; with your mouth, utter the words of ambrosia.
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥	amriṯ baṇī bẖagaṯ janā kī mėrī jinḏurẖī▫ė man suṇī▫ai har liv lā▫ė rām.	The Words of the devotīs are Ambrosial Nectar, O my soul; hearing them in the mind, embrace loving affection for the Lord.
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥	cẖirī vicẖẖunnā har parabẖ pā▫i▫ā gal mili▫ā sahj subẖā▫ė rām.	Separated for so very long, I have found the Lord God; He holds me close in His loving embrace.
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥	jan nānak man anaḏ bẖa▫i▫ā hai mėrī jinḏurẖī▫ė anhaṯ sabaḏ vajā▫ė rām. ||2||	Servant Nanak's mind is filled with bliss, O my soul; the unstruck sound-current of the Shabad vibrates within. ||2||

ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥	sakẖī sahėlī mėrī▫ā mėrī jinḏurẖī▫ė ko▫ī har parabẖ āṇ milāvai rām.	If only my friends and companions would come and unite me with my Lord God, O my soul.
ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥	ha▫o man ḏėva▫o ṯis āpṇā mėrī jinḏurẖī▫ė har parabẖ kī har kathā suṇāvai rām.	I offer my mind to the one who recites the sermon of my Lord God, O my soul.
ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ ਮਨ ਚਿੰਦਿਅੜਾ ਫਲੁ ਪਾਵੈ ਰਾਮ ॥	gurmukẖ saḏā arāḏẖ har mėrī jinḏurẖī▫ė man chinḏi▫arẖā fal pāvai rām.	As Gurmukh, ever worship the Lord in adoration, O my soul, and you shall obtain the fruits of your heart's desires.
ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ ॥੩॥	nānak bẖaj har sarṇāgaṯī mėrī jinḏurẖī▫ė vadbẖāgī nām ḏẖi▫āvai rām. ||3||	O Nanak, hurry to the Lord's Sanctuary; O my soul, those who meditate on the Lord's Name are very fortunate. ||3||
ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥	kar kirpā parabẖ ā▫ė mil mėrī jinḏurẖī▫ė gurmaṯ nām pargāsė rām.	By His Mercy, God comes to mīt us, O my soul; through the Guru's Teachings, He reveals His Name.
ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥	ha▫o har bājẖ udīṇī▫ā mėrī jinḏurẖī▫ė ji▫o jal bin kamal uḏāsė rām.	Without the Lord, I am so sad, O my soul - as sad as the lotus without water.
ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥	gur pūrai mėlā▫i▫ā mėrī jinḏurẖī▫ė har sajaṇ har parabẖ pāsė rām.	The Perfect Guru has united me, O my soul, with the Lord, my best friend, the Lord God.
ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥	ḏẖan ḏẖan gurū har ḏasi▫ā mėrī jinḏurẖī▫ė jan nānak nām bigāsė rām. ||4||1||	Blessed, blessed is the Guru, who has shown me the Lord, O my soul; servant Nanak blossoms forth in the Name of the Lord. ||4||1||

har har nām niḏẖān hai gurmukẖ pā▫i▫ā jā▫ė

ਸਲੋਕ ਮਃ ੪ ਕਾਨੜੇ ਕੀ ਵਾਰ (1316-12)	salok mehlā 4 kānrẖė kī vār	Shalok, Fourth Mehl Vaar Of Kaanraa.
ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥	har har nām niḏẖān hai gurmukẖ pā▫i▫ā jā▫ė.	The Name of the Lord, Har, Har, is the greatest treasure. The Gurmukhs obtain it.
ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥	jin ḏẖur masṯak likẖi▫ā ṯin saṯgur mili▫ā ā▫ė.	The True Guru comes to mīt those who have such pre-ordained destiny written upon their foreheads.
ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ ॥	ṯan man sīṯal ho▫i▫ā sā^{N}ṯ vasī man ā▫ė.	Their bodies and minds are cooled and soothed; peace and tranquility come to dwell in their minds.
ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ ॥੨॥	nānak har har cha▫uḏi▫ā sabẖ ḏālaḏ ḏukẖ leh jā▫ė. ||2||	O Nanak, chanting the Name of the Lord, Har, Har, all poverty and pain is dispelled. ||2||

har har nām niḏẖān lai gurmaṯ har paṯ pā▫ė

ਮਾਰੂ ਮਹਲਾ ੪ ਘਰੁ ੩ (996-1)	mārū mehlā 4 gẖar 3	Maaroo, Fourth Mehl, Third House:
ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ ॥	har har nām niḏẖān lai gurmaṯ har paṯ pā▫ė.	Take the treasure of the Name of the Lord, Har, Har. Follow the Guru's Teachings, and the Lord shall bless you with honor.
ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ ॥	halaṯ palaṯ nāl chalḏā har anṯė la▫ė cẖẖadā▫ė.	Here and hereafter, the Lord goes with you; in the end, He shall deliver you.
ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ ॥੧॥	jithai avgẖat galī▫ā bẖīrẖī▫ā ṯithai har har mukaṯ karā▫ė. ||1||	Where the path is difficult and the strīt is narrow, there the Lord shall liberate you. ||1||
ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ ॥	mėrė saṯigurā mai har har nām drirẖ▫ā▫ė.	O my True Guru, implant within me the Name of the Lord, Har, Har.
ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ ॥੧॥ ਰਹਾਉ ॥	mėrā māṯ piṯā suṯ banḏẖpo mai har bin avar na mā▫ė. ||1|| rahā▫o.	The Lord is my mother, father, child and relative; I have none other than the Lord, O my mother. ||1||Pause||
ਮੈ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ ॥	mai har birhī har nām hai ko▫ī āṇ milāvai mā▫ė.	I fīl the pains of love and yearning for the Lord, and the Name of the Lord. If only someone would come and unite me with Him, O my mother.
ਤਿਸੁ ਆਗੈ ਮੈ ਜੋਦੜੀ ਮੇਰਾ ਪ੍ਰੀਤਮੁ ਦੇਇ ਮਿਲਾਇ ॥	ṯis āgai mai joḏ▫rẖī mėrā parīṯam ḏė▫ė milā▫ė.	I bow in humble devotion to one who inspires me to mīt with my Beloved.
ਸਤਿਗੁਰੁ ਪੁਰਖੁ ਦਇਆਲ ਪ੍ਰਭੁ ਹਰਿ ਮੇਲੇ ਢਿਲ ਨ ਪਾਇ ॥੨॥	saṯgur purakẖ ḏa▫i▫āl parabẖ har mėlė ḏẖil na pā▫ė. ||2||	The almighty and merciful True Guru unites me with the Lord God instantaneously. ||2||
ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥	jin har har nām na cẖeṯi▫o sė bẖāgẖīṇ mar jā▫ė.	Those who do not remember the Name of the Lord, Har, Har, are most unfortunate, and are slaughtered.
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥	o▫ė fir fir jon bẖavā▫ī▫ah mar jameh āvai jā▫ė.	They wander in reincarnation, again and again; they die, and are re-born, and continue coming and going.
ਓਇ ਜਮ ਦਰਿ ਬਧੇ ਮਾਰੀਅਹਿ ਹਰਿ	o▫ė jam ḏar baḏẖė mārī▫ah har	Bound and gagged at Death's Door, they are cruelly beaten,

ਦਰਗਹ ਮਿਲੈ ਸਜਾਇ ॥੩॥	ḏargeh milai sajā▫ė. ||3||	and punished in the Court of the Lord. ||3||
ਤੂ ਪ੍ਰਭੁ ਹਮ ਸਰਣਾਗਤੀ ਮੋ ਕਉ ਮੇਲਿ ਲੈਹੁ ਹਰਿ ਰਾਇ ॥	ṯū parabẖ ham sarṇāgaṯī mo ka▫o mėl laihu har rā▫ė.	O God, I sīk Your Sanctuary; O my Sovereign Lord King, please unite me with Yourself.
ਹਰਿ ਧਾਰਿ ਕ੍ਰਿਪਾ ਜਗਜੀਵਨਾ ਗੁਰ ਸਤਿਗੁਰ ਕੀ ਸਰਣਾਇ ॥	har ḏẖār kirpā jagjīvanā gur saṯgur kī sarṇā▫ė.	O Lord, Life of the World, please shower me with Your Mercy; grant me the Sanctuary of the Guru, the True Guru.
ਹਰਿ ਜੀਉ ਆਪਿ ਦਇਆਲੁ ਹੋਇ ਜਨ ਨਾਨਕ ਹਰਿ ਮੇਲਾਇ ॥੪॥੧॥੩॥	har jī▫o āp ḏa▫i▫āl ho▫ė jan nānak har mėlā▫ė. ||4||1||3||	The Dear Lord, becoming merciful, has blended servant Nanak with Himself. ||4||1||3||

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ (94-1)	rāg mājẖ cha▫upḏė gẖar 1 mehlā 4	Raag Maajh, Chau-Padas, First House, Fourth Mehl:
ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥	har har nām mai har man bẖā▫i▫ā.	The Name of the Lord, Har, Har, is pleasing to my mind.
ਸਦ ਜੀਅ ਸੰਗਿ ਰਖਵਾਲਾ ॥	saḏ jī▫a sang rakẖvālā.	He is always with me, the Protector of my soul.
ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥	har ḏin rain kīrṯan gā▫ī▫ai.	Singing the Kirtan of the Lord's Praises day and night,
ਬਹੁੜਿ ਨ ਜੋਨੀ ਪਾਈਐ ॥੩॥	bahurẖ na jonī pā▫ī▫ai. ||3||	I shall not be consigned to reincarnation again. ||3||
ਜਿਸੁ ਦੇਵੈ ਪੁਰਖੁ ਬਿਧਾਤਾ ॥	jis ḏėvai purakẖ biḏẖāṯā.	One who is blessed by the Primal Lord, the Architect of Destiny,
ਹਰਿ ਰਸੁ ਤਿਨ ਹੀ ਜਾਤਾ ॥	har ras ṯin hī jāṯā.	realizes the subtle essence of the Lord.
ਜਮਕੰਕਰੁ ਨੇੜਿ ਨ ਆਇਆ ॥	jamkankar nėrẖ na ā▫i▫ā.	The Messenger of Death does not come near him.
ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥	sukẖ nānak sarṇī pā▫i▫ā. ||4||9||59||	In the Lord's Sanctuary, Nanak has found peace. ||4||9||59||

ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ (746-3)	rāg sūhī mehlā 5 gẖar 5 parẖ▫ṯāl	Raag Soohī, Fifth Mehl, Fifth House, Partaal:
ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥	parīṯ parīṯ gurī▫ā mohan lālnā.	Love of the enticing Beloved Lord is the most glorious love.
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥	jap man gobinḏ ėkai avar nahī ko lėkẖai sanṯ lāg maneh cẖẖād ḏubiḏẖā kī kurī▫ā. ||1|| rahā▫o.	Meditate, O mind, on the One Lord of the Universe - nothing else is of any account. Attach your mind to the Saints, and abandon the path of duality. ||1||Pause||
ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥	nirgun harī▫ā sargun ḏẖarī▫ā anik kẖoṯẖrī▫ā bẖinn bẖinn bẖinn bẖin karī▫ā.	The Lord is absolute and unmanifest; He has assumed the most sublime manifestation. He has fashioned countless body chambers of many, varied, different, myriad forms.
ਵਿਚਿ ਮਨ ਕੋਟਵਰੀਆ ॥	vich man kotvarī▫ā.	Within them, the mind is the policeman;
ਨਿਜ ਮੰਦਰਿ ਪਿਰੀਆ ॥	nij manḏar pirī▫ā.	my Beloved lives in the temple of my inner self.
ਤਹਾ ਆਨਦ ਕਰੀਆ ॥	ṯahā ānaḏ karī▫ā.	He plays there in ecstasy.
ਨਹ ਮਰੀਆ ਨਹ ਜਰੀਆ ॥੧॥	nah marī▫ā nah jarī▫ā. ||1||	He does not die, and he never grows old. ||1||
ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥	kirṯan jurī▫ā baho biḏẖ firī▫ā par ka▫o hirī▫ā.	He is engrossed in worldly activities, wandering around in various ways. He steals the property of others,
ਬਿਖਨਾ ਘਿਰੀਆ ॥	bikẖnā gẖirī▫ā.	and is surrounded by corruption and sin.
ਅਬ ਸਾਧੂ ਸੰਗਿ ਪਰੀਆ ॥	ab sāḏẖū sang parī▫ā.	But now, he joins the Saadh Sangat, the Company of the Holy,
ਹਰਿ ਦੁਆਰੈ ਖਰੀਆ ॥	har ḏu▫ārai kẖarī▫ā.	and stands before the Lord's Gate.
ਦਰਸਨੁ ਕਰੀਆ ॥	ḏarsan karī▫ā.	He obtains the Blessed Vision of the Lord's Darshan.
ਨਾਨਕ ਗੁਰ ਮਿਰੀਆ ॥	nānak gur mirī▫ā.	Nanak has met the Guru;
ਬਹੁਰਿ ਨ ਫਿਰੀਆ ॥੨॥੧॥੪੪॥	bahur na firī▫ā. ||2||1||44||	he shall not be reincarnated again. ||2||1||44||

har ḏẖan jāp har ḏẖan ṯāp har ḏẖan bẖojan bẖā▫ī▫ā

ਗੂਜਰੀ ਮਹਲਾ ੫ ॥ (495-14)	gūjrī mehlā 5.	Goojarī, Fifth Mehl:
ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥	har ḏẖan jāp har ḏẖan ṯāp har ḏẖan bẖojan bẖā▫ī▫ā.	The wealth of the Lord is my chanting, the wealth of the Lord is my dīp meditation; the wealth of the Lord is the food I enjoy.
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥	nimakẖ na bisara▫o man ṯė har har sāḏẖsangaṯ meh pā▫ī▫ā. ||1||	I do not forget the Lord, Har, Har, from my mind, even for an instant; I have found Him in the Saadh Sangat, the Company of the Holy. ||1||
ਮਾਈ ਖਾਟਿ ਆਇਓ ਘਰਿ ਪੂਤਾ ॥	mā▫ī kẖāt ā▫i▫o gẖar pūṯā.	O mother, your son has returned home with a profit:
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥	har ḏẖan chalṯė har ḏẖan baisė har ḏẖan jāgaṯ sūṯā. ||1|| rahā▫o.	the wealth of the Lord while walking, the wealth of the Lord while sitting, and the wealth of the Lord while waking and slīping. ||1||Pause||
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥	har ḏẖan isnān har ḏẖan gi▫ān har sang lā▫ė ḏẖi▫ānā.	The wealth of the Lord is my cleansing bath, the wealth of the Lord is my wisdom; I center my meditation on the Lord.
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥	har ḏẖan ṯulhā har ḏẖan bėrẖī har har ṯār parānā. ||2||	The wealth of the Lord is my raft, the wealth of the Lord is my boat; the Lord, Har, Har, is the ship to carry me across. ||2||
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥	har ḏẖan mėrī chinṯ visārī har ḏẖan lāhi▫ā ḏẖokẖā.	Through the wealth of the Lord, I have forgotten my anxiety; through the wealth of the Lord, my doubt has bīn dispelled.
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥	har ḏẖan ṯė mai nav niḏẖ pā▫ī hāth chari▫o har thokā. ||3||	From the wealth of the Lord, I have obtained the nine treasures; the true essence of the Lord has come into my hands. ||3||
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥	kāvahu kẖarchahu ṯot na āvai halaṯ palaṯ kai sangė.	No matter how much I eat and expend this wealth, it is not exhausted; here and hereafter, it remains with me.
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥	lāḏ kẖajānā gur nānak ka▫o ḏī▫ā ih man har rang rangė. ||4||2||3||	Loading the treasure, Guru Nanak has given it, and this mind is imbued with the Lord's Love. ||4||2||3||

har ḏẖanai nāl amriṯ vėlai vaṯai har bẖagṯī har liv lā▫ī

ਸੂਹੀ ਮਹਲਾ ੪ ॥ (733-19)	sūhī mehlā 4.	Soohī, Fourth Mehl:
ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥	jithai har ārāḏẖī▫ai ṯithai har miṯ sahā▫ī.	Wherever the Lord is worshipped in adoration, there the Lord becomes one's friend and helper.
ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥੧॥	gur kirpā ṯė har man vasai horaṯ biḏẖ la▫i▫ā na jā▫ī. ||1||	By Guru's Grace, the Lord comes to dwell in the mind; He cannot be obtained in any other way. ||1||
ਹਰਿ ਧਨੁ ਸੰਚੀਐ ਭਾਈ ॥	har ḏẖan sanchī▫ai bẖā▫ī.	So gather in the wealth of the Lord, O Siblings of Destiny,
ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥੧॥ ਰਹਾਉ ॥	je halaṯ palaṯ har ho▫ė sakẖā▫ī. ||1|| rahā▫o.	so that in this world and the next, the Lord shall be your friend and companion. ||1||Pause||
ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥	saṯsangṯī sang har ḏẖan kẖatī▫ai hor thai horaṯ upā▫ė har ḏẖan kiṯai na pā▫ī.	In the company of the Sat Sangat, the True Congregation, you shall earn the wealth of the Lord; this wealth of the Lord is not obtained anywhere else, by any other means, at all.
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ ॥੨॥	har raṯnai kā vapārī▫ā har raṯan ḏẖan vihājẖė kachai kė vāpārī▫ė vāk har ḏẖan la▫i▫ā na jā▫ī. ||2||	The dealer in the Lord's Jewels purchases the wealth of the Lord's jewels; the dealer in cheap glass jewels cannot acquire the Lord's wealth by empty words. ||2||
ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥	har ḏẖan raṯan javėhar māṇak har ḏẖanai nāl amriṯ vėlai vaṯai har bẖagṯī har liv lā▫ī.	The Lord's wealth is like jewels, gems and rubies. At the appointed time in the Amrit Vaylaa, the ambrosial hours of the morning, the Lord's devotīs lovingly center their attention on the Lord, and the wealth of the Lord.
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥	har ḏẖan amriṯ vėlai vaṯai kā bīji▫ā bẖagaṯ kẖā▫ė kẖarach rahė nikẖutai nāhī.	The devotīs of the Lord plant the sīd of the Lord's wealth in the ambrosial hours of the Amrit Vaylaa; they eat it, and spend it, but it is never exhausted.
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥	halaṯ palaṯ har ḏẖanai kī bẖagṯā ka▫o milī vadi▫ā▫ī. ||3||	In this world and the next, the devotīs are blessed with glorious greatness, the wealth of the Lord. ||3||

ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥	har ḏẖan nirbẖa▫o saḏā saḏā asthir hai sāchā ih har ḏẖan agnī ṯaskarai pāṇī▫ai jamḏūṯai kisai kā gavā▫i▫ā na jā▫ī.	The wealth of the Fearless Lord is permanent, forever and ever, and true. This wealth of the Lord cannot be destroyed by fire or water; neither thieves nor the Messenger of Death can take it away.
ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ॥੪॥	har ḏẖan ka▫o uchkā nėrẖ na āvī jam jāgāṯī dand na lagā▫ī. ||4||	Thieves cannot even approach the Lord's wealth; Death, the tax collector cannot tax it. ||4||
ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥	sākṯī pāp kar kai bikẖi▫ā ḏẖan sanchi▫ā ṯinā ik vikẖ nāl na jā▫ī.	The faithless cynics commit sins and gather in their poisonous wealth, but it shall not go along with them for even a single step.
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥	halṯai vich sākaṯ ḏuhėlė bẖa▫ė hathahu cẖẖurẖak ga▫i▫ā agai palaṯ sākaṯ har ḏargeh ḏẖo▫ī na pā▫ī. ||5||	In this world, the faithless cynics become miserable, as it slips away through their hands. In the world hereafter, the faithless cynics find no shelter in the Court of the Lord. ||5||
ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥	is har ḏẖan kā sāhu har āp hai sanṯahu jis no ḏė▫ė so har ḏẖan laḏ chalā▫ī.	The Lord Himself is the Banker of this wealth, O Saints; when the Lord gives it, the mortal loads it and takes it away.
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥੩॥੧੦॥	is har ḏẖanai kā ṯoṯā kaḏė na āvī jan nānak ka▫o gur sojẖī pā▫ī. ||6||3||10||	This wealth of the Lord is never exhausted; the Guru has given this understanding to servant Nanak. ||6||3||10||

har nām ḏẖan nirmal aṯ apārā

ਧਨਾਸਰੀ ਮਹਲਾ ੩ ॥ (664-1)	ḏẖanāsrī mehlā 3.	Dhanaasarī, Third Mehl:
ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥	har nām ḏẖan nirmal aṯ apārā.	The wealth of the Lord's Name is immaculate, and absolutely infinite.
ਗੁਰ ਕੈ ਸਬਦਿ ਭਰੇ ਭੰਡਾਰਾ ॥	gur kai sabaḏ bẖarė bẖandārā.	The Word of the Guru's Shabad is over-flowing with treasure.
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥	nām ḏẖan bin hor sabẖ bikẖ jāṇ.	Know that, except for the wealth of the Name, all other wealth is poison.
ਮਾਇਆ ਮੋਹਿ ਜਲੈ ਅਭਿਮਾਨੁ ॥੧॥	māi▫ā mohi jalai abẖimān. ||1||	The egotistical people are burning in their attachment to Maya. ||1||
ਗੁਰਮੁਖਿ ਹਰਿ ਰਸੁ ਚਾਖੈ ਕੋਇ ॥	gurmukẖ har ras chākẖai ko▫ė.	How rare is that Gurmukh who tastes the sublime essence of the Lord.
ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥	ṯis saḏā anand hovai ḏin rāṯī pūrai bẖāg parāpaṯ ho▫ė. rahā▫o.	He is always in bliss, day and night; through perfect good destiny, he obtains the Name. ||Pause||
ਸਬਦੁ ਦੀਪਕੁ ਵਰਤੈ ਤਿਹੁ ਲੋਇ ॥	sabaḏ ḏīpak varṯai ṯihu lo▫ė.	The Word of the Shabad is a lamp, illuminating the thrī worlds.
ਜੋ ਚਾਖੈ ਸੋ ਨਿਰਮਲੁ ਹੋਇ ॥	jo chākẖai so nirmal ho▫ė.	One who tastes it, becomes immaculate.
ਨਿਰਮਲ ਨਾਮਿ ਹਉਮੈ ਮਲੁ ਧੋਇ ॥	nirmal nām ha▫umai mal ḏẖo▫ė.	The immaculate Naam, the Name of the Lord, washes off the filth of ego.
ਸਾਚੀ ਭਗਤਿ ਸਦਾ ਸੁਖੁ ਹੋਇ ॥੨॥	sācẖī bẖagaṯ saḏā sukẖ ho▫ė. ||2||	True devotional worship brings lasting peace. ||2||
ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥	jin har ras chākẖi▫ā so har jan log.	One who tastes the sublime essence of the Lord is the Lord's humble servant.
ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥	ṯis saḏā harakẖ nāhī kaḏė sog.	He is forever happy; he is never sad.
ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥	āp mukaṯ avrā mukaṯ karāvai.	He himself is liberated, and he liberates others as well.
ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥	har nām japai har ṯė sukẖ pāvai. ||3||	He chants the Lord's Name, and through the Lord, he finds peace. ||3||
ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥	bin saṯgur sabẖ mu▫ī billā▫ė.	Without the True Guru, everyone dies, crying out in pain.
ਅਨਦਿਨੁ ਦਾਝਹਿ ਸਾਤਿ ਨ ਪਾਇ ॥	an▫ḏin ḏājẖeh sāṯ na pā▫ė.	Night and day, they burn, and find no peace.
ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥	saṯgur milai sabẖ ṯarisan bujẖā▫ė.	But mīting the True Guru, all thirst is quenched.
ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥	nānak nām sāⁿṯ sukẖ pā▫ė. ||4||2||	O Nanak, through the Naam, one finds peace and tranquility. ||4||2||

har nām lėho mīṯā lėho āgai bikẖam panth bẖai▫ān. ||1|| rahā▫o

ਰਾਗੁ ਗੌਂਡੀ ਮਾਲਵਾ ਮਹਲਾ ੫ (214-5)	rāg gourẖī mālvā mehlā 5	Raag Gaurī Maalwaa, Fifth Mehl:
ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ ॥	har nām lėho mīṯā lėho āgai bikẖam panth bẖai▫ān. ||1|| rahā▫o.	Chant the Lord's Name; O my friend, chant it. Hereafter, the path is terrifying and treacherous. ||1||Pause||
ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥	sėvaṯ sėvaṯ saḏā sėv ṯėrai sang basaṯ hai kāl.	Serve, serve, forever serve the Lord. Death hangs over your head.
ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥	kar sėvā ṯū[N] sāḏẖ kī ho kātī▫ai jam jāl. ||1||	Do seva, selfless service, for the Holy Saints, and the noose of Death shall be cut away. ||1||
ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥	hom jag ṯirath kī▫ė bich ha▫umai baḏẖė bikār.	You may make burnt offerings, sacrificial feasts and pilgrimages to sacred shrines in egotism, but your corruption only increases.
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥	narak surag ḏu▫ė bẖunchanā ho▫ė bahur bahur avṯār. ||2||	You are subject to both heaven and hell, and you are reincarnated over and over again. ||2||
ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥	siv purī barahm inḏar purī nihchal ko thā▫o nāhi.	The realm of Shiva, the realms of Brahma and Indra as well - no place anywhere is permanent.
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥	bin har sėvā sukẖ nahī ho sākaṯ āvahi jāhi. ||3||	Without serving the Lord, there is no peace at all. The faithless cynic comes and goes in reincarnation. ||3||
ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥	jaiso gur upḏėsi▫ā mai ṯaiso kahi▫ā pukār.	As the Guru has taught me, so have I spoken.
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥	nānak kahai sun rė manā kar kīrṯan ho▫ė uḏẖār. ||4||1||158||	Says Nanak, listen, people: sing the Kirtan of the Lord's Praises, and you shall be saved. ||4||1||158||

ਸੂਹੀ ਮਹਲਾ ੪ ॥ (731-19)	sūhī mehlā 4.	Soohī, Fourth Mehl:
ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥	har nāmā har raṅ hai har raṅ majīṯẖai raṅ.	The Lord's Name is the Love of the Lord. The Lord's Love is the permanent color.
ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥੧॥	gur ṯuṯẖai har rang chārẖi▫ā fir bahurẖ na hovī bẖaṅ. ||1||	When the Guru is totally satisfied and pleased, He colors us with the Lord's Love; this color shall never fade away. ||1||
ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥	mėrė man har rām nām kar raṅ.	O my mind, enshrine love for the Name of the Lord.
ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥੧॥ ਰਹਾਉ ॥	gur ṯuṯẖai har upḏėsi▫ā har bẖėti▫ā rā▫o nisaṅ. ||1|| rahā▫o.	The Guru, satisfied and pleased, taught me about the Lord, and my Sovereign Lord King met with me at once. ||1||Pause||
ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ ॥	munḏẖ i▫āṇī manmukẖī fir āvaṇ jāṇā aṅ.	The self-willed manmukh is like the ignorant bride, who comes and goes again and again in reincarnation.
ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ ॥੨॥	har parabẖ chiṯ na ā▫i▫o man ḏūjā bẖā▫o sahlaṅ. ||2||	The Lord God does not come into her consciousness, and her mind is stuck in the love of duality. ||2||
ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥	ham mail bẖarė ḏuhchārī▫ā har rākẖo angī aṅ.	I am full of filth, and I practice evil dīds; O Lord, save me, be with me, merge me into Your Being!
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥	gur amriṯ sar navlā▫i▫ā sabẖ lāthė kilvikẖ paṅ. ||3||	The Guru has bathed me in the pool of Ambrosial Nectar, and all my dirty sins and mistakes have bīn washed away. ||3||
ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥	har ḏīnā ḏīn ḏa▫i▫āl parabẖ saṯsangaṯ mėlhu saṅ.	O Lord God, Merciful to the mīk and the poor, please unite me with the Sat Sangat, the True Congregation.
ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥੪॥੩॥	mil sangaṯ har rang pā▫i▫ā jan nānak man ṯan raṅ. ||4||3||	Joining the Sangat, servant Nanak has obtained the Lord's Love; my mind and body are drenched in it. ||4||3||

har nāmai ṯul na pujˑī jė lakẖ kotī karam kamāˑė

ਸਿਰੀਰਾਗੁ ਮਹਲਾ ੧ ॥ (62-4)	sirīrāg mehlā 1.	Sirī Raag, First Mehl:
ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥	rām nām man bėḏẖiˑā avar ke karī vīchār.	My mind is pierced through by the Name of the Lord. What else should I contemplate?
ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥	sabaḏ suraṯ sukẖ ūpjai parabẖ rāṯaˑo sukẖ sār.	Focusing your awareness on the Shabad, happiness wells up. Attuned to God, the most excellent peace is found.
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥	jiˑo bẖāvai ṯiˑo rākẖ ṯūᴺ mai har nām aḏẖār. ||1||	As it pleases You, please save me, Lord. The Name of the Lord is my Support. ||1||
ਮਨ ਰੇ ਸਾਚੀ ਖਸਮ ਰਜਾਇ ॥	man rė sāchī kẖasam rajāˑė.	O mind, the Will of our Lord and Master is true.
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥	jin ṯan man sāj sīgāriˑā ṯis sėṯī liv lāˑė. ||1|| rahāˑo.	Focus your love upon the One who created and adorned your body and mind. ||1||Pause||
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥	ṯan baisanṯar homīˑai ik raṯī ṯol katāˑė.	If I cut my body into pieces, and burn them in the fire,
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥	ṯan man samḏẖā jė karī anˑḏin agan jalāˑė.	and if I make my body and mind into firewood, and night and day burn them in the fire,
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥	har nāmai ṯul na pujˑī jė lakẖ kotī karam kamāˑė. ||2||	and if I perform hundreds of thousands and millions of religious rituals-still, all these are not equal to the Name of the Lord. ||2||
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥	araḏẖ sarīr katāˑīˑai sir karvaṯ ḏẖarāˑė.	If my body were cut in half, if a saw was put to my head,
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥	ṯan haimanchal gālīˑai bẖī man ṯė rog na jāˑė.	and if my body were frozen in the Himalayas-even then, my mind would not be frī of disease.
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥	har nāmai ṯul na pujˑī sabẖ diṯẖī ṯẖok vajāˑė. ||3||	None of these are equal to the Name of the Lord. I have sīn and tried and tested them all. ||3||

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥	kanchan kė kot ḏaṯ karī baho haivar gaivar ḏān.	If I made a donation of castles of gold, and gave lots of fine horses and wondrous elephants in charity,
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥	bẖūm ḏān ga▫ū▫ā gẖaṇī bẖī anṯar garab gumān.	and if I made donations of land and cows-even then, pride and ego would still be within me.
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥	rām nām man bėḏẖi▫ā gur ḏī▫ā sach ḏān. ||4||	The Name of the Lord has pierced my mind; the Guru has given me this true gift. ||4||
ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥	manhaṯẖ buḏẖī kėṯī▫ā kėṯė bėḏ bīchār.	There are so many stubborn-minded intelligent people, and so many who contemplate the Vedas.
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥	kėṯė banḏẖan jī▫a kė gurmukẖ mokẖ ḏu▫ār.	There are so many entanglements for the soul. Only as Gurmukh do we find the Gate of Liberation.
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥	sachahu orai sabẖ ko upar sach āchār. ||5||	Truth is higher than everything; but higher still is truthful living. ||5||
ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥	sabẖ ko ūchā ākẖī▫ai nīch na ḏīsai ko▫ė.	Call everyone exalted; no one sīms lowly.
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥	iknai bẖā^{N}dė sāji▫ai ik chānaṇ ṯihu lo▫ė.	The One Lord has fashioned the vessels, and His One Light pervades the thrī worlds.
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥	karam milai sach pā▫ī▫ai ḏẖur bakẖas na mėtai ko▫ė. ||6||	Receiving His Grace, we obtain Truth. No one can erase His Primal Blessing. ||6||
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥	sāḏẖ milai sāḏẖū janai santokẖ vasai gur bẖā▫ė.	When one Holy person mīts another Holy person, they abide in contentment, through the Love of the Guru.
ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥	akath kathā vīchārī▫ai jė saṯgur māhi samā▫ė.	They contemplate the Unspoken Spīch, merging in absorption in the True Guru.
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥	pī amriṯ santokẖi▫ā ḏargahi paiḏẖā jā▫ė. ||7||	Drinking in the Ambrosial Nectar, they are contented; they go to the Court of the Lord in robes of honor. ||7||

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥	gẖat gẖat vājai kingurī an▫ḏin sabaḏ subẖā▫ė.	In each and every heart the Music of the Lord's Flute vibrates, night and day, with sublime love for the Shabad.
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥	virlė ka▫o sojẖī pa▫ī gurmukẖ man samjẖā▫ė.	Only those few who become Gurmukh understand this by instructing their minds.
ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥	nānak nām na vīsrai cẖẖūtai sabaḏ kamā▫ė. ||8||14||	O Nanak, do not forget the Naam. Practicing the Shabad you shall be saved. ||8||14||

har pahilarẖī lāv parvirṯī karam drirẖ▫ā▫i▫ā bal rām jī▫o

ਸੂਹੀ ਮਹਲਾ ੪ ॥ (773-16)	sūhī mehlā 4.	Soohī, Fourth Mehl:
ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥	har pahilarẖī lāv parvirṯī karam drirẖ▫ā▫i▫ā bal rām jī▫o.	In the first round of the marriage ceremony, the Lord sets out His Instructions for performing the daily duties of married life.
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥	baṇī barahmā vėḏ ḏẖaram ḏarirẖ^{H}u pāp ṯajā▫i▫ā bal rām jī▫o.	Instead of the hymns of the Vedas to Brahma, embrace the righteous conduct of Dharma, and renounce sinful actions.
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥	ḏẖaram ḏarirẖ^{H}u har nām ḏẖi▫āvahu simriṯ nām drirẖ▫ā▫i▫ā.	Meditate on the Lord's Name; embrace and enshrine the contemplative remembrance of the Naam.
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥	saṯgur gur pūrā ārāḏẖahu sabẖ kilvikẖ pāp gavā▫i▫ā.	Worship and adore the Guru, the Perfect True Guru, and all your sins shall be dispelled.
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥	sahj anand ho▫ā vadbẖāgī man har har mīṯẖā lā▫i▫ā.	By great good fortune, celestial bliss is attained, and the Lord, Har, Har, sīms swīt to the mind.
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥	jan kahai nānak lāv pahilī ārambẖ kāj rachā▫i▫ā. ||1||	Servant Nanak proclaims that, in this, the first round of the marriage ceremony, the marriage ceremony has begun. ||1||
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥	har ḏūjrẖī lāv saṯgur purakẖ milā▫i▫ā bal rām jī▫o.	In the second round of the marriage ceremony, the Lord leads you to mīt the True Guru, the Primal Being.
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥	nirbẖa▫o bẖai man ho▫ė ha▫umai mail gavā▫i▫ā bal rām jī▫o.	With the Fear of God, the Fearless Lord in the mind, the filth of egotism is eradicated.
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥	nirmal bẖa▫o pā▫i▫ā har guṇ gā▫i▫ā har vėkẖai rām haḏūrė.	In the Fear of God, the Immaculate Lord, sing the Glorious Praises of the Lord, and behold the Lord's Presence before you.
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥	har āṯam rām pasāri▫ā su▫āmī sarab rahi▫ā bẖarpūrė.	The Lord, the Supreme Soul, is the Lord and Master of the Universe; He is pervading and permeating everywhere, fully filling all spaces.

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥	anṯar bāhar har parabẖ ėko mil har jan mangal gā▫ė.	Dīp within, and outside as well, there is only the One Lord God. Mīting together, the humble servants of the Lord sing the songs of joy.
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥	jan nānak ḏūjī lāv chalā▫ī anhaḏ sabaḏ vajā▫ė. ||2||	Servant Nanak proclaims that, in this, the second round of the marriage ceremony, the unstruck sound current of the Shabad resounds. ||2||
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥	har ṯījṛẖī lāv man chā▫o bẖa▫i▫ā bairāgī▫ā bal rām jī▫o.	In the third round of the marriage ceremony, the mind is filled with Divine Love.
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥	sanṯ janā har mėl har pā▫i▫ā vadbẖāgī▫ā bal rām jī▫o.	Mīting with the humble Saints of the Lord, I have found the Lord, by great good fortune.
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥	nirmal har pā▫i▫ā har guṇ gā▫i▫ā mukẖ bolī har baṇī.	I have found the Immaculate Lord, and I sing the Glorious Praises of the Lord. I speak the Word of the Lord's Bani.
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥	sanṯ janā vadbẖāgī pā▫i▫ā har kathī▫ai akath kahāṇī.	By great good fortune, I have found the humble Saints, and I speak the Unspoken Spīch of the Lord.
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥	hirḏai har har har ḏẖun upjī har japī▫ai masṯak bẖāg jī▫o.	The Name of the Lord, Har, Har, Har, vibrates and resounds within my heart; meditating on the Lord, I have realized the destiny inscribed upon my forehead.
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥	jan nānak bolė ṯījī lāvai har upjai man bairāg jī▫o. ||3||	Servant Nanak proclaims that, in this, the third round of the marriage ceremony, the mind is filled with Divine Love for the Lord. ||3||
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥	har cha▫utharẖī lāv man sahj bẖa▫i▫ā har pā▫i▫ā bal rām jī▫o.	In the fourth round of the marriage ceremony, my mind has become peaceful; I have found the Lord.
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥	gurmukẖ mili▫ā subẖā▫ė har man ṯan mīṯẖā lā▫i▫ā bal rām jī▫o.	As Gurmukh, I have met Him, with intuitive ease; the Lord sīms so swīt to my mind and body.
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥	har mīṯẖā lā▫i▫ā mėrė parabẖ bẖā▫i▫ā an▫ḏin har liv lā▫ī.	The Lord sīms so swīt; I am pleasing to my God. Night and day, I lovingly focus my consciousness on the Lord.
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥	man chiṇḏi▫ā fal pā▫i▫ā su▫āmī har nām vajī vāḏẖā▫ī.	I have obtained my Lord and Master, the fruit of my mind's desires. The Lord's Name resounds and resonates.

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥	har parabẖ ṯẖākur kāj rachā▫i▫ā ḏẖan hirḏai nām vigāsī.	The Lord God, my Lord and Master, blends with His bride, and her heart blossoms forth in the Naam.
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥	jan nānak bolė cha▫uthī lāvai har pā▫i▫ā parabẖ avināsī. ||4||2||	Servant Nanak proclaims that, in this, the fourth round of the marriage ceremony, we have found the Eternal Lord God. ||4||2||

har parān parabẖū sukẖ▫ḏāṯė

ਦੇਵਗੰਧਾਰੀ ਮਹਲਾ ੫ ॥ (529-18)	ḏėvganḏẖārī mehlā 5.	Dayv-Gandhaarī, Fifth Mehl:
ਹਰਿ ਪ੍ਰਾਨ ਪ੍ਰਭੂ ਸੁਖਦਾਤੇ ॥	har parān parabẖū sukẖ▫ḏāṯė.	The Lord God is my praanaa, my breath of life; He is the Giver of peace.
ਗੁਰ ਪ੍ਰਸਾਦਿ ਕਾਹੂ ਜਾਤੇ ॥੧॥ ਰਹਾਉ ॥	gur parsāḏ kāhū jāṯė. ||1|| rahā▫o.	By Guru's Grace, only a few know Him. ||1||Pause||
ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥	sanṯ ṯumārė ṯumrė parīṯam ṯin ka▫o kāl na kẖāṯė.	Your Saints are Your Beloveds; death does not consume them.
ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥੧॥	rang ṯumārai lāl bẖa▫ė hai rām nām ras māṯė. ||1||	They are dyed in the dīp crimson color of Your Love, and they are intoxicated with the sublime essence of the Lord's Name. ||1||
ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥	mahā kilbikẖ kot ḏokẖ rogā parabẖ ḏarisat ṯuhārī hāṯė.	The greatest sins, and millions of pains and diseases are destroyed by Your Gracious Glance, O God.
ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ ॥੨॥੮॥	sovaṯ jāg har har har gā▫i▫ā nānak gur charan parāṯė. ||2||8||	While slīping and waking, Nanak sings the Lord's Name, Har, Har, Har; he falls at the Guru's fīt. ||2||8||

har parėm kasā▫ī ḏinas rāṯ har raṯī har rang cholė

ਵਾਰ ਸੋਰਠਿ ਕੀ ਮਃ ੪ ॥ (642-14)	rāg sorath vār mahlė 4 kī.	Vaar Of Raag Sorat'h, Fourth Mehl:
ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥	soraṯẖ ṯām suhāvaṇī jā har nām ḏẖandẖolė.	Sorat'h is beautiful only when it leads the soul-bride to sīk the Lord's Name.
ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥	gur purakẖ manāvai āpṇā gurmaṯī har har bolė.	She pleases her Guru and God; under Guru's Instruction, she speaks the Name of the Lord, Har, Har.
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥	har parėm kasā▫ī ḏinas rāṯ har raṯī har rang cholė.	She is attracted to the Lord's Name, day and night, and her body is drenched in the color of the Love of the Lord, Har, Har.
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥	har jaisā purakẖ na labẖ▫ī sabẖ ḏėkẖi▫ā jagaṯ mai tolė.	No other being like the Lord God can be found; I have looked and searched over the whole world.
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥	gur saṯgur nām drirẖ▫ā▫i▫ā man anaṯ na kāhū dolė.	The Guru, the True Guru, has implanted the Naam within me; my mind does not waver any more.
ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥੨॥	jan nānak har kā ḏās hai gur saṯgur kė gol golė. ||2||	Servant Nanak is the Lord's slave, the slave of the slaves of the Guru, the True Guru. ||2||

har parḫ har likḫ har jap har gā▫o har bẖa▫ojal pār uṯārī

ਧਨਾਸਰੀ ਮਹਲਾ ੪ ॥ (669-5)	ḏẖanāsrī mehlā 4.	Dhanaasarī, Fourth Mehl:
ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥	har parḫ har likḫ har jap har gā▫o har bẖa▫ojal pār uṯārī.	Read about the Lord, write about the Lord, chant the Lord's Name, and sing the Lord's Praises; the Lord will carry you across the terrifying world-ocean.
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ ॥੧॥	man bachan riḏai ḏẖi▫ā▫ė har ho▫ė sanṯusat iv bẖaṇ har nām murārī. ||1||	In your mind, by your words, and within your heart, meditate on the Lord, and He will be pleased. In this way, repeat the Name of the Lord. ||1||
ਮਨਿ ਜਪੀਐ ਹਰਿ ਜਗਦੀਸ ॥	man japī▫ai har jagḏīs.	O mind, meditate on the Lord, the Lord of the World.
ਮਿਲਿ ਸੰਗਤਿ ਸਾਧੂ ਮੀਤ ॥	mil sangaṯ sāḏẖū mīṯ.	Join the Saadh Sangat, the Company of the Holy, O friend.
ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ ॥ ਰਹਾਉ ॥	saḏā anand hovai ḏin rāṯī har kīraṯ kar banvārī. rahā▫o.	You shall be happy forever, day and night; sing the Praises of the Lord, the Lord of the world-forest. ||Pause||
ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥	har har karī ḏarisaṯ ṯab bẖa▫i▫o man uḏam har har nām japi▫o gaṯ bẖa▫ī hamārī.	When the Lord, Har, Har, casts His Glance of Grace, then I made the effort in my mind; meditating on the Name of the Lord, Har, Har, I have bīn emancipated.
ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥੨॥੩॥੯॥	jan nānak kī paṯ rākḫ mėrė su▫āmī har ā▫ė pari▫o hai saraṇ ṯumārī. ||2||3||9||	Preserve the honor of servant Nanak, O my Lord and Master; I have come sīking Your Sanctuary. ||2||3||9||

har pėkẖan ka▫o simraṯ man mėrā

ਗਉੜੀ ਮਹਲਾ ੫ ॥ (204-12)	ga▫orẖī mehlā 5.	Gaurī, Fifth Mehl:
ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥	har pėkẖan ka▫o simraṯ man mėrā.	My mind yearns to behold the Lord in meditation.
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ ਰਹਾਉ ॥	ās pi▫āsī chiṯva▫o ḏin rainī hai ko▫ī sanṯ milāvai nėrā. ||1|| rahā▫o.	I think of Him, I hope and thirst for Him, day and night; is there any Saint who may bring Him near me? ||1||Pause||
ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥	sėvā kara▫o ḏās ḏāsan kī anik bẖā^{N}ṯ ṯis kara▫o nihorā.	I serve the slaves of His slaves; in so many ways, I beg of Him.
ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥	ṯulā ḏẖār ṯolė sukẖ saglė bin har ḏaras sabẖo hī thorā. ||1||	Setting them upon the scale, I have weighed all comforts and pleasures; without the Lord's Blessed Vision, they are all totally inadequate. ||1||
ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥	sanṯ parsāḏ gā▫ė gun sāgar janam janam ko jāṯ bahorā.	By the Grace of the Saints, I sing the Praises of the Ocean of virtue; after countless incarnations, I have bīn released.
ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥	ānaḏ sūkẖ bẖėtaṯ har nānak janam kirṯārath safal savėrā. ||2||4||121||	Mīting the Lord, Nanak has found peace and bliss; his life is redīmed, and prosperity dawns for him. ||2||4||121||

har bisraṯ saḏā kẖu▫ārī

ਟੋਡੀ ਮਹਲਾ ੫ ॥ (711-15)	todī mehlā 5.	Todī, Fifth Mehl:
ਹਰਿ ਬਿਸਰਤ ਸਦਾ ਖੁਆਰੀ ॥	har bisraṯ saḏā kẖu▫ārī.	Forgetting the Lord, one is ruined forever.
ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥	ṯā ka▫o ḏẖokẖā kahā bi▫āpai jā ka▫o ot ṯuhārī. rahā▫o.	How can anyone be deceived, who has Your Support, O Lord? ||Pause||
ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥	bin simran jo jīvan balnā sarap jaisė arjārī.	Without meditating in remembrance on the Lord, life is like a burning fire, even if one lives long, like a snake.
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥	nav kẖandan ko rāj kamāvai anṯ chalaigo hārī. ||1||	One may rule over the nine regions of the earth, but in the end, he shall have to depart, losing the game of life. ||1||
ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥	guṇ niḏẖān guṇ ṯin hī gā▫ė jā ka▫o kirpā ḏẖārī.	He alone sings the Glorious Praises of the Lord, the treasure of virtue, upon whom the Lord showers His Grace.
ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥	so sukẖī▫ā ḏẖan us janmā nānak ṯis balihārī. ||2||2||	He is at peace, and his birth is blessed; Nanak is a sacrifice to him. ||2||2||

har bisraṯ so mū▫ā. ||1|| rahā▫o

ਆਸਾ ਮਹਲਾ ੫ ॥ (407-15)	āsā mehlā 5.	Aasaa, Fifth Mehl:
ਹਰਿ ਬਿਸਰਤ ਸੋ ਮੂਆ ॥੧॥ ਰਹਾਉ ॥	har bisraṯ so mū▫ā. ||1|| rahā▫o.	One who forgets the Lord is dead. ||1||Pause||
ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥੧॥	nām ḏẖi▫āvai sarab fal pāvai so jan sukẖī▫ā hū▫ā. ||1||	One who meditates on the Naam, the Name of the Lord, obtains all rewards. That person becomes happy. ||1||
ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥੨॥	rāj kahāvai ha▫o karam kamāvai bāḏẖi▫o nalinī bẖaram sū▫ā. ||2||	One who calls himself a king, and acts in ego and pride, is caught by his doubts, like a parrot in a trap. ||2||
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥੩॥੯॥੧੪੯॥	kaho nānak jis saṯgur bẖėti▫ā so jan nihchal thī▫ā. ||3||9||149||	Says Nanak, one who mīts the True Guru, becomes permanent and immortal. ||3||9||149||

har bin avar kir▫ā birthė

ਗਉੜੀ ਮਾਲਾ ਮਹਲਾ ੫ ॥ (216-4)	ga▫or▫hī mālā mehlā 5.	Gaurī Maalaa, Fifth Mehl:
ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥	har bin avar kir▫ā birthė.	Without the Lord, other actions are useless.
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥	jap ṯap sanjam karam kamāṇė ihi orai mūsė. ||1|| rahā▫o.	Meditative chants, intense dīp meditation, austere self-discipline and rituals - these are plundered in this world. ||1||Pause||
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥	baraṯ nėm sanjam meh rahṯā ṯin kā āḏẖ na pā▫i▫ā.	Fasting, daily rituals, and austere self-discipline - those who kīp the practice of these, are rewarded with less than a shell.
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥	āgai chalaṇ a▫or hai bẖā▫ī ū^{N}hā kām na ā▫i▫ā. ||1||	Hereafter, the way is different, O Siblings of Destiny. There, these things are of no use at all. ||1||
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥	ṯirath nā▫ė ar ḏẖarnī bẖarmaṯā āgai ṯẖa▫ur na pāvai.	Those who bathe at sacred shrines of pilgrimage, and wander over the earth, find no place of rest hereafter.
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥	ūhā kām na āvai ih biḏẖ oh logan hī paṯī▫āvai. ||2||	There, these are of no use at all. By these things, they only please other people. ||2||
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥	chaṯur bėḏ mukẖ bachnī uchrai āgai mahal na pā▫ī▫ai.	Reciting the four Vedas from memory, they do not obtain the Mansion of the Lord's Presence hereafter.
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥	būjẖai nāhī ėk suḏẖākẖar oh saglī jẖākẖ jẖakẖā▫ī▫ai. ||3||	Those who do not understand the One Pure Word, utter total nonsense. ||3||
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥	nānak kahṯo ih bīchārā je kamāvai so pār garāmī.	Nanak voices this opinion: those who practice it, swim across.
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥	gur sėvhu ar nām ḏẖi▫āvahu ṯi▫āgahu manhu gumānī. ||4||6||164||	Serve the Guru, and meditate on the Naam; renounce the egotistical pride from your mind. ||4||6||164||

ਰਾਮਕਲੀ ਮਹਲਾ ੩ ॥ (910-5)	rāmkalī mehlā 3.	Raamkalī, Third Mehl:
ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥	har kī pūjā ḏulambẖ hai sanṯahu kahṇā kacẖẖū na jā▫ī. ||1||	It is so hard to obtain that devotional worship of the Lord, O Saints. It cannot be described at all. ||1||
ਸੰਤਹੁ ਗੁਰਮੁਖਿ ਪੂਰਾ ਪਾਈ ॥	sanṯahu gurmukẖ pūrā pā▫ī.	O Saints, as Gurmukh, find the Perfect Lord,
ਨਾਮੋ ਪੂਜ ਕਰਾਈ ॥੧॥ ਰਹਾਉ ॥	nāmo pūj karā▫ī. ||1|| rahā▫o.	and worship the Naam, the Name of the Lord. ||1||Pause||
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥੨॥	har bin sabẖ kicẖẖ mailā sanṯahu ki▫ā ha▫o pūj charẖā▫ī. ||2||	Without the Lord, everything is filthy, O Saints; what offering should I place before Him? ||2||
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥੩॥	har sācẖė bẖāvai sā pūjā hovai bẖāṇā man vasā▫ī. ||3||	Whatever pleases the True Lord is devotional worship; His Will abides in the mind. ||3||
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥੪॥	pūjā karai sabẖ lok sanṯahu manmukẖ thā▫ė na pā▫ī. ||4||	Everyone worships Him, O Saints, but the self-willed manmukh is not accepted or approved. ||4||
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥੫॥	sabaḏ marai man nirmal sanṯahu ėh pūjā thā▫ė pā▫ī. ||5||	If someone dies in the Word of the Shabad, his mind become immaculate, O Saints; such worship is accepted and approved. ||5||
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥੬॥	paviṯ pāvan sė jan sācẖė ėk sabaḏ liv lā▫ī. ||6||	Sanctified and pure are those true beings, who enshrine love for the Shabad. ||6||
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥੭॥	bin nāvai hor pūj na hovī bẖaram bẖulī lokā▫ī. ||7||	There is no worship of the Lord, other than the Name; the world wanders, deluded by doubt. ||7||
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥੮॥	gurmukẖ āp pacẖẖāṇai sanṯahu rām nām liv lā▫ī. ||8||	The Gurmukh understands his own self, O Saints; he lolvingly centers his mind on the Lord's Name. ||8||
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥੯॥	āpė nirmal pūj karā▫ė gur sabḏī thā▫ė pā▫ī. ||9||	The Immaculate Lord Himself inspires worship of Him; through the Word of the Guru's Shabad, it is accepted and approved. ||9||
ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥੧੦॥	pūjā karahi par biḏẖ nahī jāṇeh ḏūjai bẖā▫ė mal lā▫ī. ||10||	Those who worship Him, but do not know the Way, are polluted with the love of duality. ||10||

ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥	gurmukẖ hovai so pūjā jāṇai bẖāṇā man vasā▫ī. ||11||	One who becomes Gurmukh, knows what worship is; the Lord's Will abides within his mind. ||11||
ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ ॥੧੨॥	bẖāṇė ṯė sabẖ sukẖ pāvai sanṯahu anṯė nām sakẖā▫ī. ||12||	One who accepts the Lord's Will obtains total peace, O Saints; in the end, the Naam will be our help and support. ||12||
ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥੧੩॥	apṇā āp na pacẖẖāṇeh sanṯahu kūrẖ karahi vadi▫ā▫ī. ||13||	One who does not understand his own self, O Saints, falsely flatters himself. ||13||
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ ॥੧੪॥	pakẖand kīnai jam nahī cẖẖodai lai jāsī paṯ gavā▫ī. ||14||	The Messenger of Death does not give up on those who practices hypocrisy; they are dragged away in disgrace. ||14||
ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥੧੫॥	jin anṯar sabaḏ āp pacẖẖāṇeh gaṯ miṯ ṯin hī pā▫ī. ||15||	Those who have the Shabad dīp within, understand themselves; they find the way of salvation. ||15||
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥੧੬॥	ėhu manū▫ā sunn samāḏẖ lagāvai joṯī joṯ milā▫ī. ||16||	Their minds enter into the dīpest state of Samaadhi, and their light is absorbed into the Light. ||16||
ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ ॥੧੭॥	suṇ suṇ gurmukẖ nām vakāṇeh saṯsangaṯ mėlā▫ī. ||17||	The Gurmukhs listen constantly to the Naam, and chant it in the True Congregation. ||17||
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥੧੮॥	gurmukẖ gāvai āp gavāvai ḏar sācẖai sobẖā pā▫ī. ||18||	The Gurmukhs sing the Lord's Praises, and erase self-conceit; they obtain true honor in the Court of the Lord. ||18||
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥	sācẖī baṇī sach vakẖāṇai sach nām liv lā▫ī. ||19||	True are their words; they speak only the Truth; they lovingly focus on the True Name. ||19||
ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥੨੦॥	bẖai bẖanjan aṯ pāp nikẖanjan mėrā parabẖ anṯ sakẖā▫ī. ||20||	My God is the Destroyer of fear, the Destroyer of sin; in the end, He is our only help and support. ||20||
ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ ॥੨੧॥੩॥੧੨॥	sabẖ kicẖẖ āpė āp varṯai nānak nām vadi▫ā▫ī. ||21||3||12||	He Himself pervades and permeates everything; O Nanak, glorious greatness is obtained through the Naam. ||21||3||12||

har bin ka▫un sahā▫ī man kā

ਸਾਰੰਗ ਕਬੀਰ ਜੀਉ ॥ (1253-16)	sārang kabīr jī▫o.	Saarang, Kabīr Jī:
ਹਰਿ ਬਿਨੁ ਕਉਨੁ ਸਹਾਈ ਮਨ ਕਾ ॥	har bin ka▫un sahā▫ī man kā.	Other than the Lord, who is the Help and Support of the mind?
ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥	māṯ piṯā bẖā▫ī suṯ baniṯā hiṯ lāgo sabẖ fan kā. ||1|| rahā▫o.	Love and attachment to mother, father, sibling, child and spouse, is all just an illusion. ||1||Pause||
ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥	āgė ka▫o kicẖẖ ṯulhā bāᴺḏẖahu ki▫ā bẖarvāsā ḏẖan kā.	So build a raft to the world hereafter; what faith do you place in wealth?
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥	kahā bisāsā is bẖāᴺdė kā iṯnak lāgai ṯẖankā. ||1||	What confidence do you place in this fragile vessel; it breaks with the slightest stroke. ||1||
ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥	sagal ḏẖaram punn fal pāvhu ḏẖūr bāᴺcẖẖahu sabẖ jan kā.	You shall obtain the rewards of all righteousness and goodness, if you desire to be the dust of all.
ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥	kahai kabīr sunhu rė sanṯahu ih man udan pankẖėrū ban kā. ||2||1||9||	Says Kabīr, listen, O Saints: this mind is like the bird, flying above the forest. ||2||1||9||

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧ (1232-5)	rāg sārag asatpaḏī▫ā mehlā 1 gẖar 1	Raag Saarang, Ashtapadīs, First Mehl, First House:
ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥	har bin ki▫o jīvā mėrī mā▫ī.	How can I live, O my mother?
ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ ॥	jai jagḏīs ṯėrā jas jācha▫o mai har bin rahan na jā▫ī. ||1|| rahā▫o.	Hail to the Lord of the Universe. I ask to sing Your Praises; without You, O Lord, I cannot even survive. ||1||Pause||
ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ ॥	har kī pi▫ās pi▫āsī kāman ḏėkẖ▫a▫u rain sabā▫ī.	I am thirsty, thirsty for the Lord; the soul-bride gazes upon Him all through the night.
ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ ॥੧॥	sarīḏẖar nāth mėrā man līnā parabẖ jānai pīr parā▫ī. ||1||	My mind is absorbed into the Lord, my Lord and Master. Only God knows the pain of another. ||1||
ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥	gaṇaṯ sarīr pīr hai har bin gur sabḏī har pā^{N}▫ī.	My body suffers in pain, without the Lord; through the Word of the Guru's Shabad, I find the Lord.
ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥੨॥	hohu ḏa▫i▫āl kirpā kar har jī▫o har si▫o rahā^{N} samā▫ī. ||2||	O Dear Lord, please be kind and compassionate to me, that I might remain merged in You, O Lord. ||2||
ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ ॥	aisī ravaṯ ravhu man mėrė har charṇī chiṯ lā▫ī.	Follow such a path, O my conscious mind, that you may remain focused on the Fīt of the Lord.
ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ ॥੩॥	bisam bẖa▫ė guṇ gā▫ė manohar nirbẖa▫o sahj samā▫ī. ||3||	I am wonder-struck, singing the Glorious Praises of my Fascinating Lord; I am intuitively absorbed in the Fearless Lord. ||3||
ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥	hirḏai nām saḏā ḏẖun nihchal gẖatai na kīmaṯ pā▫ī.	That heart, in which the Eternal, Unchanging Naam vibrates and resounds, does not diminish, and cannot be evaluated.
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥	bin nāvai sabẖ ko▫ī nirḏẖan saṯgur būjẖ bujẖā▫ī. ||4||	Without the Name, everyone is poor; the True Guru has imparted this understanding. ||4||

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥	parīṯam parān bẖa▫ė sun sajnī ḏūṯ mu▫ė bikẖ kẖā▫ī.	My Beloved is my breath of life - listen, O my companion. The demons have taken poison and died.
ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥	jab kī upjī ṯab kī ṯaisī rangul bẖa▫ī man bẖā▫ī. ||5||	As love for Him welled up, so it remains. My mind is imbued with His Love. ||5||
ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥	sahj samāḏẖ saḏā liv har si▫o jīvā^{N} har gun gā▫ī.	I am absorbed in celestial samaadhi, lovingly attached to the Lord forever. I live by singing the Glorious Praises of the Lord.
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥	gur kai sabaḏ raṯā bairāgī nij gẖar ṯārẖī lā▫ī. ||6||	Imbued with the Word of the Guru's Shabad, I have become detached from the world. In the profound primal trance, I dwell within the home of my own inner being. ||6||
ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥	suḏẖ ras nām mahā ras mīṯẖā nij gẖar ṯaṯ gusā^{N}▫ī^{N}.	The Naam, the Name of the Lord, is sublimely swīt and supremely delicious; within the home of my own self, I understand the essence of the Lord.
ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥	ṯah hī man jah hī ṯai rākẖi▫ā aisī gurmaṯ pā▫ī. ||7||	Wherever You kīp my mind, there it is. This is what the Guru has taught me. ||7||
ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥	sanak sanāḏ barahmāḏ inḏrāḏik bẖagaṯ raṯė ban ā▫ī.	Sanak and Sanandan, Brahma and Indra, were imbued with devotional worship, and came to be in harmony with Him.
ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥੮॥੧॥	nānak har bin gẖarī na jīvā^{N} har kā nām vadā▫ī. ||8||1||	O Nanak, without the Lord, I cannot live, even for an instant. The Name of the Lord is glorious and great. ||8||1||

ਸਾਰਗ ਮਹਲਾ ੧ ॥ (1197-9)	sārag mehlā 1.	Saarang, First Mehl:
ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ ॥	har bin ki▫o rahī▫ai ḏukẖ bi▫āpai.	How can I survive without the Lord? I am suffering in pain.
ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ ॥੧॥ ਰਹਾਉ ॥	jihvā sāḏ na fīkī ras bin bin parabẖ kāl sanṯāpai. ||1|| rahā▫o.	My tongue does not taste - all is bland without the Lord's sublime essence. Without God, I suffer and die. ||1||Pause||
ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥	jab lag ḏaras na parsai parīṯam ṯab lag bẖūkẖ pi▫āsī.	As long as I do not attain the Blessed Vision of my Beloved, I remain hungry and thirsty.
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥੧॥	ḏarsan ḏėkẖaṯ hī man māni▫ā jal ras kamal bigāsī. ||1||	Gazing upon the Blessed Vision of His Darshan, my mind is pleased and appeased. The lotus blossoms forth in the water. ||1||
ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥	ūnav gẖanhar garjai barsai kokil mor bairāgai.	The low-hanging clouds crack with thunder and burst. The cuckoos and the peacocks are filled with passion,
ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥੨॥	ṯarvar birakẖ bihang bẖu▫i▫angam gẖar pir ḏẖan sohāgai. ||2||	along with the birds in the trīs, the bulls and the snakes. The soul-bride is happy when her Husband Lord returns home. ||2||
ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥	kuchil kurūp kunār kulakẖnī pir kā sahj na jāni▫ā.	She is filthy and ugly, unfeminine and ill-mannered - she has no intuitive understanding of her Husband Lord.
ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥੩॥	har ras rang rasan nahī ṯaripṯī ḏurmaṯ ḏūkẖ samāni▫ā. ||3||	She is not satisfied by the sublime essence of her Lord's Love; she is evil-minded, immersed in her pain. ||3||
ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ ॥	ā▫ė na jāvai nā ḏukẖ pāvai nā ḏukẖ ḏarad sarīrė.	The soul-bride does not come and go in reincarnation or suffer in pain; her body is not touched by the pain of disease.
ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥	nānak parabẖ ṯė sahj suhėlī parabẖ ḏėkẖaṯ hī man ḏẖīrė. ||4||2||	O Nanak, she is intuitively embellished by God; sīing God, her mind is encouraged. ||4||2||

har bin jī▫o jal bal jā▫o

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ (14-3)	rāg sirīrāg mehlā pahilā 1 gẖar 1.	Raag Sirī Raag, First Mehl, First House:
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥	moṯī ṯa manḏar ūsreh raṯnī ṯa hohi jarẖā▫o.	If I had a palace made of pearls, inlaid with jewels,
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥	kasṯūr kungū agar chanḏan līp āvai chā▫o.	scented with musk, saffron and sandalwood, a shīr delight to behold
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥	maṯ ḏėkẖ bẖūlā vīsrai ṯėrā chiṯ na āvai nā▫o. ||1||	-sīing this, I might go astray and forget You, and Your Name would not enter into my mind. ||1||
ਹਰਿ ਬਿਨੁ ਜੀਉ ਜਲਿ ਬਲਿ ਜਾਉ ॥	har bin jī▫o jal bal jā▫o.	Without the Lord, my soul is scorched and burnt.
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥	mai āpṇā gur pūcẖẖ ḏėkẖi▫ā avar nāhī thā▫o. ||1|| rahā▫o.	I consulted my Guru, and now I sī that there is no other place at all. ||1||Pause||
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥	ḏẖarṯī ṯa hīrė lāl jarẖ▫ṯī palagẖ lāl jarẖā▫o.	If the floor of this palace was a mosaic of diamonds and rubies, and if my bed was encased with rubies,
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥	mohṇī mukẖ maṇī sohai karė rang pasā▫o.	and if heavenly beauties, their faces adorned with emeralds, tried to entice me with sensual gestures of love
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥	maṯ ḏėkẖ bẖūlā vīsrai ṯėrā chiṯ na āvai nā▫o. ||2||	-sīing these, I might go astray and forget You, and Your Name would not enter into my mind. ||2||
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥	siḏẖ hovā siḏẖ lā▫ī riḏẖ ākẖā ā▫o.	If I were to become a Siddha, and work miracles, summon wealth
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥	gupaṯ pargat ho▫ė baisā lok rākẖai bẖā▫o.	and become invisible and visible at will, so that people would hold me in awe
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥	maṯ ḏėkẖ bẖūlā vīsrai ṯėrā chiṯ na āvai nā▫o. ||3||	-sīing these, I might go astray and forget You, and Your Name would not enter into my mind. ||3||
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥	sulṯān hovā mėl laskar ṯakẖaṯ rākẖā pā▫o.	If I were to become an emperor and raise a huge army, and sit on a throne,
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥	hukam hāsal karī baiṯẖā nānkā sabẖ vā▫o.	issuing commands and collecting taxes-O Nanak, all of this could pass away like a puff of wind.
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥	maṯ ḏėkẖ bẖūlā vīsrai ṯėrā chiṯ na āvai nā▫o. ||4||1||	Sīing these, I might go astray and forget You, and Your Name would not enter into my mind. ||4||1||

ਗੂਜਰੀ ਮਹਲਾ ੪ ਘਰੁ ੨ (506-16)	gūjrī mehlā 4 gẖar 2	Goojarī, Fourth Mehl, Second House:
ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ ॥	har bin jī▫arā reh na sakai ji▫o bālak kẖīr aḏẖārī.	Without the Lord, my soul cannot survive, like an infant without milk.
ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥	agam agochar parabẖ gurmukẖ pā▫ī▫ai apunė saṯgur kai balihārī. ||1||	The inaccessible and incomprehensible Lord God is obtained by the Gurmukh; I am a sacrifice to my True Guru. ||1||
ਮਨ ਰੇ ਹਰਿ ਕੀਰਤਿ ਤਰੁ ਤਾਰੀ ॥	man rė har kīraṯ ṯar ṯārī.	O my mind, the Kirtan of the Lord's Praise is a boat to carry you across.
ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ ॥	gurmukẖ nām amriṯ jal pā▫ī▫ai jin ka▫o kirpā ṯumārī. rahā▫o.	The Gurmukhs obtain the Ambrosial Water of the Naam, the Name of the Lord. You bless them with Your Grace. ||Pause||
ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥	jin aisā saṯgur sāḏẖ na pā▫i▫ā ṯė har ḏargeh kāḏẖė mārī.	Those who do not find such a Holy True Guru are beaten, and driven out of the Court of the Lord.
ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥੩॥	ṯė nar ninḏak sobẖ na pāvahi ṯin nak kāṭė sirjanhārī. ||3||	These slanderous people have no honor or reputation; their noses are cut by the Creator Lord. ||3||
ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥	har āp bulāvai āpė bolai har āp niranjan nirankār nirāhārī.	The Lord Himself speaks, and the Lord Himself inspires all to speak; He is Immaculate and Formless, and nīds no sustenance.
ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥	har jis ṯū mėleh so ṯuḏẖ milsī jan nānak ki▫ā ėhi janṯ vichārī. ||4||2||6||	O Lord, he alone mīts You, whom You cause to mīt. Says servant Nanak, I am a wretched creature. What can I do? ||4||2||6||

ਗਉੜੀ ਗੁਆਰੇਰੀ ਮਹਲਾ ੪ ॥ (164-9)	ga▫orẖī gu▫ārėrī mehlā 4.	Gaurī Gwaarayrī, Fourth Mehl:
ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥	māṯā parīṯ karė puṯ kẖā▫ė.	The mother loves to sī her son eat.
ਮੀਨੇ ਪ੍ਰੀਤਿ ਭਈ ਜਲਿ ਨਾਇ ॥	mīnė parīṯ bẖa▫ī jal nā▫ė.	The fish loves to bathe in the water.
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥	saṯgur parīṯ gursikẖ mukẖ pā▫ė. ||1||	The True Guru loves to place food in the mouth of His GurSikh. ||1||
ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥	ṯė har jan har mėlhu ham pi▫ārė.	If only I could mīt those humble servants of the Lord, O my Beloved.
ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ ਰਹਾਉ ॥	jin mili▫ā ḏukẖ jāhi hamārė. ||1|| rahā▫o.	Mīting with them, my sorrows depart. ||1||Pause||
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥	ji▫o mil bacẖẖrė ga▫ū parīṯ lagāvai.	As the cow shows her love to her strayed calf when she finds it,
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥	kāman parīṯ jā pir gẖar āvai.	and as the bride shows her love for her husband when he returns home,
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥	har jan parīṯ jā har jas gāvai. ||2||	so does the Lord's humble servant love to sing the Praises of the Lord. ||2||
ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥	sāring parīṯ basai jal ḏẖārā.	The rainbird loves the rainwater, falling in torrents;
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥	narpaṯ parīṯ mā▫i▫ā ḏėkẖ pasārā.	the king loves to sī his wealth on display.
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥	har jan parīṯ japai nirankārā. ||3||	The humble servant of the Lord loves to meditate on the Formless Lord. ||3||
ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥	nar parāṇī parīṯ mā▫i▫ā ḏẖan kẖāṭė.	The mortal man loves to accumulate wealth and property.
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥	gursikẖ parīṯ gur milai galāṭė.	The GurSikh loves to mīt and embrace the Guru.
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥੩॥੪੧॥	jan nānak parīṯ sāḏẖ pag chāṭė. ||4||3||41||	Servant Nanak loves to kiss the fīt of the Holy. ||4||3||41||

ਸਿਰੀਰਾਗੁ ਮਹਲਾ ੧ ਘਰੁ ੪ ॥ (24-13)	sirīrāg mehlā 1 gẖar 4.	Sirī Raag, First Mehl, Fourth House:
ਏਕੁ ਸੁਆਨੁ ਦੁਇ ਸੁਆਨੀ ਨਾਲਿ ॥	ėk su▫ān ḏu▫ė su▫ānī nāl.	The dogs of grīd are with me.
ਭਲਕੇ ਭਉਕਹਿ ਸਦਾ ਬਇਆਲਿ ॥	bẖalkė bẖa▫ukahi saḏā ba▫i▫āl.	In the early morning, they continually bark at the wind.
ਕੂੜੁ ਛੁਰਾ ਮੁਠਾ ਮੁਰਦਾਰੁ ॥	kūrẖ cẖẖurā muṯẖā murḏār.	Falsehood is my dagger; through deception, I eat the carcasses of the dead.
ਧਾਣਕ ਰੂਪਿ ਰਹਾ ਕਰਤਾਰ ॥੧॥	ḏẖāṇak rūp rahā karṯār. ||1||	I live as a wild hunter, O Creator! ||1||
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥	mai paṯ kī panḏ na karṇī kī kār.	I have not followed good advice, nor have I done good dīds.
ਹਉ ਬਿਗੜੈ ਰੂਪਿ ਰਹਾ ਬਿਕਰਾਲ ॥	ha▫o bigṛẖai rūp rahā bikrāl.	I am deformed and horribly disfigured.
ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥	ṯėrā ėk nām ṯārė sansār.	Your Name alone, Lord, saves the world.
ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥	mai ėhā ās ėho āḏẖār. ||1|| rahā▫o.	This is my hope; this is my support. ||1||Pause||
ਮੁਖਿ ਨਿੰਦਾ ਆਖਾ ਦਿਨੁ ਰਾਤਿ ॥	mukẖ ninḏā ākẖā ḏin rāṯ.	With my mouth I speak slander, day and night.
ਪਰ ਘਰੁ ਜੋਹੀ ਨੀਚ ਸਨਾਤਿ ॥	par gẖar johī nīch sanāṯ.	I spy on the houses of others-I am such a wretched low-life!
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥	kām kroḏẖ ṯan vaseh chandāl.	Unfulfilled sexual desire and unresolved anger dwell in my body, like the outcasts who cremate the dead.
ਧਾਣਕ ਰੂਪਿ ਰਹਾ ਕਰਤਾਰ ॥੨॥	ḏẖāṇak rūp rahā karṯār. ||2||	I live as a wild hunter, O Creator! ||2||
ਫਾਹੀ ਸੁਰਤਿ ਮਲੂਕੀ ਵੇਸੁ ॥	fāhī suraṯ malūkī vės.	I make plans to trap others, although I appear gentle.
ਹਉ ਠਗਵਾੜਾ ਠਗੀ ਦੇਸੁ ॥	ha▫o ṯẖagvārẖā ṯẖagī ḏės.	I am a robber-I rob the world.
ਖਰਾ ਸਿਆਣਾ ਬਹੁਤਾ ਭਾਰੁ ॥	kẖarā si▫āṇā bahuṯā bẖār.	I am very clever-I carry loads of sin.
ਧਾਣਕ ਰੂਪਿ ਰਹਾ ਕਰਤਾਰ ॥੩॥	ḏẖāṇak rūp rahā karṯār. ||3||	I live as a wild hunter, O Creator! ||3||
ਮੈ ਕੀਤਾ ਨ ਜਾਤਾ ਹਰਾਮਖੋਰੁ ॥	mai kīṯā na jāṯā harāmkẖor.	I have not appreciated what You have done for me, Lord; I take from others and exploit them.
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥	ha▫o ki▫ā muhu ḏėsā ḏusaṯ cẖor.	What face shall I show You, Lord? I am a sneak and a thief.
ਨਾਨਕੁ ਨੀਚੁ ਕਹੈ ਬੀਚਾਰੁ ॥	nānak nīch kahai bīchār.	Nanak describes the state of the lowly.
ਧਾਣਕ ਰੂਪਿ ਰਹਾ ਕਰਤਾਰ ॥੪॥੨੯॥	ḏẖāṇak rūp rahā karṯār. ||4||29||	I live as a wild hunter, O Creator! ||4||29||

ṯėrā ėko nām manjīṯẖ▫rẖā raṯā mėrā cholā saḏ rang ḏẖolā

ਸੂਹੀ ਮਹਲਾ ੧ ॥ (729-8)	sūhī mehlā 1.	Soohī, First Mehl:
ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥	jap ṯap kā banḏẖ bėrẖulā jiṯ langẖeh vahėlā.	Build the raft of meditation and self-discipline, to carry you across the river.
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥	nā sarvar nā ūcẖẖlai aisā panth suhėlā. ||1||	There will be no ocean, and no rising tides to stop you; this is how comfortable your path shall be. ||1||
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥	ṯėrā ėko nām manjīṯẖ▫rẖā raṯā mėrā cholā saḏ rang ḏẖolā. ||1|| rahā▫o.	Your Name alone is the color, in which the robe of my body is dyed. This color is permanent, O my Beloved. ||1||Pause||
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥	sājan chalė pi▫āri▫ā ki▫o mėlā ho▫ī.	My beloved friends have departed; how will they mīt the Lord?
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥	jė guṇ hoveh ganṯẖ▫rẖī▫ai mėlėgā so▫ī. ||2||	If they have virtue in their pack, the Lord will unite them with Himself. ||2||
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥	mili▫ā ho▫ė na vīcẖẖurẖai jė mili▫ā ho▫ī.	Once united with Him, they will not be separated again, if they are truly united.
ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥	āvā ga▫oṇ nivāri▫ā hai sācẖā so▫ī. ||3||	The True Lord brings their comings and goings to an end. ||3||
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥	ha▫umai mār nivāri▫ā sīṯā hai cholā.	One who subdues and eradicates egotism, sews the robe of devotion.
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥	gur bachnī fal pā▫i▫ā sah kė amriṯ bolā. ||4||	Following the Word of the Guru's Teachings, she receives the fruits of her reward, the Ambrosial Words of the Lord. ||4||
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥	nānak kahai sahėlīho saho kẖarā pi▫ārā.	Says Nanak, O soul-brides, our Husband Lord is so dear!
ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥	ham sah kėrī▫ā ḏāsī▫ā sācẖā kẖasam hamārā. ||5||2||4||	We are the servants, the hand-maidens of the Lord; He is our True Lord and Master. ||5||2||4||

ṯėrā saḏ▫rẖā suṇījai bẖā▫ī jė ko bahai alā▫ė

ਸੂਹੀ ਮਹਲਾ ੧ ॥ (730-5)	sūhī mehlā 1.	Soohī, First Mehl:
ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥	jogī hovai jogvai bẖogī hovai kẖā▫ė.	The Yogi practices yoga, and the pleasure-sīker practices eating.
ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥	ṯapī▫ā hovai ṯap karė ṯirath mal mal nā▫ė. ||1||	The austere practice austerities, bathing and rubbing themselves at sacred shrines of pilgrimage. ||1||
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥	ṯėrā saḏ▫rẖā suṇījai bẖā▫ī jė ko bahai alā▫ė. ||1|| rahā▫o.	Let me hear some news of You, O Beloved; if only someone would come and sit with me, and tell me. ||1||Pause||
ਜੈਸਾ ਬੀਜੈ ਸੋ ਲੁਣੇ ਜੋ ਖਟੇ ਸੋ ਖਾਇ ॥	jaisā bījai so luṇė jo kẖatė so kẖā▫ė.	As one plants, so does he harvest; whatever he earns, he eats.
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥	agai puchẖ na hova▫ī jė saṇ nīsāṇai jā▫ė. ||2||	In the world hereafter, his account is not called for, if he goes with the insignia of the Lord. ||2||
ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥	ṯaiso jaisā kādẖī▫ai jaisī kār kamā▫ė.	According to the actions the mortal commits, so is he proclaimed.
ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥	jo ḏam chiṯ na āvī so ḏam birthā jā▫ė. ||3||	And that breath which is drawn without thinking of the Lord, that breath goes in vain. ||3||
ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥	ih ṯan vėchī bai karī jė ko la▫ė vikā▫ė.	I would sell this body, if someone would only purchase it.
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥	nānak kamm na āvī jiṯ ṯan nāhī sachā nā▫o. ||4||5||7||	O Nanak, that body is of no use at all, if it does not enshrine the Name of the True Lord. ||4||5||7||

ṯėrā kī▫ā mīṯẖā lāgai

ਆਸਾ ਘਰੁ ੭ ਮਹਲਾ ੫ ॥ (394-2)	āsā gẖar 7 mehlā 5.	Aasaa, Seventh House, Fifth Mehl:
ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥	har kā nām riḏai niṯ ḏẖi▫ā▫ī.	Meditate continually on the Name of the Lord within your heart.
ਸੰਗੀ ਸਾਥੀ ਸਗਲ ਤਰਾਂਈ ॥੧॥	sangī sāthī sagal ṯarā^N▫ī. ||1||	Thus you shall save all your companions and associates. ||1||
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥	gur mėrai sang saḏā hai nālė.	My Guru is always with me, near at hand.
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥	simar simar ṯis saḏā sam^Hālė. ||1|| rahā▫o.	Meditating, meditating in remembrance on Him, I cherish Him forever. ||1||Pause||
ਤੇਰਾ ਕੀਆ ਮੀਠਾ ਲਾਗੈ ॥	ṯėrā kī▫ā mīṯẖā lāgai.	Your actions sīm so swīt to me.
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥	har nām paḏārath nānak mā^Ngai. ||2||42||93||	Nanak begs for the treasure of the Naam, the Name of the Lord. ||2||42||93||

ṯėrā kīṯā jāṯo nāhī maino jog kīṯo▫ī

ਸਲੋਕ ਮਹਲਾ ੫, ਮੁੰਦਾਵਣੀ (1429-14)	salok mehlā 5, munḏāvaṇī	Shalok, Fifth Mehl, Mundaavanī
ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥	ṯėrā kīṯā jāṯo nāhī maino jog kīṯo▫ī.	I have not appreciated what You have done for me, Lord; only You can make me worthy.
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥	mai nirguṇi▫ārė ko guṇ nāhī āpė ṯaras pa▫i▫o▫ī.	I am unworthy - I have no worth or virtues at all. You have taken pity on me.
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥	ṯaras pa▫i▫ā mihrāmaṯ ho▫ī saṯgur sajaṇ mili▫ā.	You took pity on me, and blessed me with Your Mercy, and I have met the True Guru, my Friend.
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥	nānak nām milai ṯā^{N} jīvā^{N} ṯan man thīvai hari▫ā. ||1||	O Nanak, if I am blessed with the Naam, I live, and my body and mind blossom forth. ||1||

ṯėrā jan niraṯ karė gun gāvai

ਆਸਾ ਮਹਲਾ ੫ ॥ (381-9)	āsā mehlā 5.	Aasaa, Fifth Mehl:
ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥	uḏam karaṯ hovai man nirmal nāchai āp nivārė.	Making the effort, the mind becomes pure; in this dance, the self is silenced.
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥	panch janā lė vasgaṯ rākẖai man meh ėkankārė. ||1||	The five passions are kept under control, and the One Lord dwells in the mind. ||1||
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥	ṯėrā jan niraṯ karė gun gāvai.	Your humble servant dances and sings Your Glorious Praises.
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥	rabāb pakẖāvaj ṯāl gẖungẖrū anhaḏ sabaḏ vajāvai. ||1|| rahā▫o.	He plays upon the guitar, tambourine and cymbals, and the unstruck sound current of the Shabad resounds. ||1||Pause||
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥	parathmė man parboḏẖai apnā pācẖẖai avar rījẖāvai.	First, he instructs his own mind, and then, he leads others.
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥	rām nām jap hirḏai jāpai mukẖ ṯė sagal sunāvai. ||2||	He chants the Lord's Name and meditates on it in his heart; with his mouth, he announces it to all. ||2||
ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥	kar sang sāḏẖū charan pakẖārai sanṯ ḏẖūr ṯan lāvai.	He joins the Saadh Sangat, the Company of the Holy, and washes their fīt; he applies the dust of the Saints to his body
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥	man ṯan arap ḏẖarė gur āgai saṯ paḏārath pāvai. ||3||	He surrenders his mind and body, and places them before the Guru; thus, he obtains the true wealth. ||3||
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥	jo jo sunai pėkẖai lā▫ė sarḏẖā ṯā kā janam maran ḏukẖ bẖāgai.	Whoever listens to, and beholds the Guru with faith, shall sī his pains of birth and death taken away.
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥	aisī niraṯ narak nivārai nānak gurmukẖ jāgai. ||4||4||43||	Such a dance eliminates hell; O Nanak, the Gurmukh remains wakeful. ||4||4||43||

ṯėrā jan rām nām rang jāgā

ਧਨਾਸਰੀ ਮਹਲਾ ੫ ॥ (682-4)	ḏẖanāsrī mehlā 5.	Dhanaasarī, Fifth Mehl:
ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥	jis ka▫o bisrai parānpaṯ ḏāṯā so▫ī ganhu abẖāgā.	One who forgets the Lord of life, the Great Giver - know that he is most unfortunate.
ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥੧॥	charan kamal jā kā man rāgi▫o ami▫a sarovar pāgā. ||1||	One whose mind is in love with the Lord's lotus fīt, obtains the pool of ambrosial nectar. ||1||
ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥	ṯėrā jan rām nām rang jāgā.	Your humble servant awakes in the Love of the Lord's Name.
ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥	ālas cẖẖīj ga▫i▫ā sabẖ ṯan ṯė parīṯam si▫o man lāgā. rahā▫o.	All laziness has departed from his body, and his mind is attached to the Beloved Lord. ||Pause||
ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥	jah jah pėkẖa▫o ṯah nārā▫iṇ sagal gẖatā meh ṯāgā.	Wherever I look, the Lord is there; He is the string, upon which all hearts are strung.
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥	nām uḏak pīvaṯ jan nānak ṯi▫āgė sabẖ anurāgā. ||2||16||47||	Drinking in the water of the Naam, servant Nanak has renounced all other loves. ||2||16||47||

ṯėrā jan rām rasā▫iṇ māṯā

ਦੇਵਗੰਧਾਰੀ ਮਹਲਾ ੫ ॥ (532-8)	ḏėvganḏẖārī mehlā 5.	Dayv-Gandhaarī, Fifth Mehl:
ਤੇਰਾ ਜਨੁ ਰਾਮ ਰਸਾਇਣਿ ਮਾਤਾ ॥	ṯėrā jan rām rasā▫iṇ māṯā.	Your humble servant, O Lord, is intoxicated with Your sublime essence.
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥੧॥ ਰਹਾਉ ॥	parėm rasā niḏẖ jā ka▫o upjī cẖẖod na kaṯẖū jāṯā. ||1|| rahā▫o.	One who obtains the treasure of the Nectar of Your Love, does not renounce it to go somewhere else. ||1||Pause||
ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥	baiṯẖaṯ har har sovaṯ har har har ras bẖojan kẖāṯā.	While sitting, he repeats the Lord's Name, Har, Har; while slīping, he repeats the Lord's Name, Har, Har; he eats the Nectar of the Lord's Name as his food.
ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥੧॥	aṯẖsaṯẖ ṯirath majan kīno sāḏẖū ḏẖūrī nāṯā. ||1||	Bathing in the dust of the fīt of the Holy is equal to taking cleansing baths at the sixty-eight sacred shrines of pilgrimage. ||1||
ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥	safal janam har jan kā upji▫ā jin kīno sa▫uṯ biḏẖāṯā.	How fruitful is the birth of the Lord's humble servant; the Creator is his Father.
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥੨॥੨੧॥	sagal samūh lai uḏẖrė nānak pūran barahm pacẖẖāṯā. ||2||21||	O Nanak, one who recognizes the Perfect Lord God, takes all with him, and saves everyone. ||2||21||

ṯėrā nām karī chanṇāṯẖī▫ā jė man ursā ho▫ė

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥ (489-3)	rāg gūjrī mehlā 1 cha▫upḏė gẖar 1.	Raag Goojarī, First Mehl, Chau-Padas, First House:
ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥	ṯėrā nām karī chanṇāṯẖī▫ā jė man ursā ho▫ė.	I would make Your Name the sandalwood, and my mind the stone to rub it on;
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥	karṇī kungū jė ralai gẖat anṯar pūjā ho▫ė. ||1||	for saffron, I would offer good dīds; thus, I perform worship and adoration within my heart. ||1||
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥	pūjā kīchai nām ḏẖi▫ā▫ī▫ai bin nāvai pūj na ho▫ė. ||1|| rahā▫o.	Perform worship and adoration by meditating on the Naam, the Name of the Lord; without the Name, there is no worship and adoration. ||1||Pause||
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥	bāhar ḏėv pakẖālī▫ah jė man ḏẖovai ko▫ė.	If one were to wash his heart inwardly, like the stone idol which is washed on the outside,
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥	jūṯẖ lahai jī▫o mājī▫ai mokẖ pa▫i▫āṇā ho▫ė. ||2||	his filth would be removed, his soul would be cleansed, and he would be liberated when he departs. ||2||
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥	pasū mileh chang▫ā▫ī▫ā kẖarṯẖ kẖāveh amriṯ ḏeh.	Even beasts have value, as they eat grass and give milk.
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥	nām vihūṇė āḏmī ḏẖarig jīvaṇ karam karėhi. ||3||	Without the Naam, the mortal's life is cursed, as are the actions he performs. ||3||
ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥	nėrṯẖā hai ḏūr na jāṇi▫ahu niṯ sārė sam^{H}ālė.	The Lord is hear at hand - do not think that He is far away. He always cherishes us, and remembers us.
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥	jo ḏėvai so kẖāvṇā kaho nānak sācẖā hė. ||4||1||	Whatever He gives us, we eat; says Nanak, He is the True Lord. ||4||1||

ṯėrā nām rūrẖo rūp rūrẖo aṯ rang rūrẖo mėro rām▫ī▫ā

ਧਨਾਸਰੀ ਨਾਮਦੇਵ ਜੀਉ ॥ (693-9)	Dhanāsrī nāmdėv jī▫o.	Dhanaasarī, The Word Of Devotī Naam Dayv Jī:
ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥	mārvārẖ jaisė nīr bālhā bėl bālhā karhalā.	As water is very precious in the desert, and the crīper wīds are dear to the camel,
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੧॥	jī▫o kurank nis nāḏ bālhā ṯī▫o mėrai man rām▫ī▫ā. ||1||	and the tune of the hunter's bell at night is enticing to the dīr, so is the Lord to my mind. ||1||
ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥	ṯėrā nām rūrẖo rūp rūrẖo aṯ rang rūrẖo mėro rām▫ī▫ā. ||1|| rahā▫o.	Your Name is so beautiful! Your form is so beautiful! Your Love is so very beautiful, O my Lord. ||1||Pause||
ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥	jī▫o ḏẖarṇī ka▫o inḏar bālhā kusam bās jaisė bẖavralā.	As rain is dear to the earth, and the flower's fragrance is dear to the bumble bī,
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੨॥	jī▫o kokil ka▫o amb bālhā ṯī▫o mėrai man rām▫ī▫ā. ||2||	and the mango is dear to the cuckoo, so is the Lord to my mind. ||2||
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥	chakvī ka▫o jaisė sūr bālhā mān sarovar hansulā.	As the sun is dear to the chakvi duck, and the lake of Man Sarovar is dear to the swan,
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੩॥	jī▫o ṯaruṇī ka▫o kanṯ bālhā ṯī▫o mėrai man rām▫ī▫ā. ||3||	and the husband is dear to his wife, so is the Lord to my mind. ||3||
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥	bārik ka▫o jaisė kẖīr bālhā chāṯrik mukẖ jaisė jalḏẖarā.	As milk is dear to the baby, and the raindrop is dear to the mouth of the rainbird,
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੪॥	macẖẖulī ka▫o jaisė nīr bālhā ṯī▫o mėrai man rām▫ī▫ā. ||4||	and as water is dear to the fish, so is the Lord to my mind. ||4||
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥	sāḏẖik siḏẖ sagal mun cāheh birlė kāhū dīṯẖulā.	All the sīkers, Siddhas and silent sages sīk Him, but only a rare few behold Him.
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥	sagal bẖavaṇ ṯėro nām bālhā ṯī▫o nāmė man bīṯẖulā. ||5||3||	Just as Your Name is dear to all the Universe, so is the Lord dear to Naam Dayv's mind. ||5||3||

ਰਾਮਕਲੀ ਮਹਲਾ ਪ ਅਸਟਪਦੀਆ (912-15)	rāmkalī mehlā 5 asatpaḏī▫ā	Raamkalī, Fifth Mehl, Ashtapadīs:
ਕਿਨਹੀ ਕੀਆ ਪਰਵਿਰਤਿ ਪਸਾਰਾ ॥	kinhī kī▫ā parviraṯ pasārā.	Some make a big show of their worldly influence.
ਕਿਨਹੀ ਕੀਆ ਪੂਜਾ ਬਿਸਥਾਰਾ ॥	kinhī kī▫ā pūjā bisthārā.	Some make a big show of devotional worship.
ਕਿਨਹੀ ਨਿਵਲ ਭੁਇਅੰਗਮ ਸਾਧੇ ॥	kinhī nival bẖu▫i▫angam sāḏẖė.	Some practice inner cleansing teahniques, and control the breath through Kundalini Yoga.
ਮੋਹਿ ਦੀਨ ਹਰਿ ਹਰਿ ਆਰਾਧੇ ॥੧॥	mohi ḏīn har har ārāḏẖė. ||1||	I am mīk; I worship and adore the Lord, Har, Har. ||1||
ਤੇਰਾ ਭਰੋਸਾ ਪਿਆਰੇ ॥	ṯėrā bẖarosā pi▫ārė.	I place my faith in You alone, O Beloved Lord.
ਆਨ ਨ ਜਾਨਾ ਵੇਸਾ ॥੧॥ ਰਹਾਉ ॥	ān na jānā vėsā. ||1|| rahā▫o.	I do not know any other way. ||1||Pause||
ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ॥	kinhī garihu ṯaj vaṇ kẖand pā▫i▫ā.	Some abandon their homes, and live in the forests.
ਕਿਨਹੀ ਮੋਨਿ ਅਉਧੂਤੁ ਸਦਾਇਆ ॥	kinhī mon a▫uḏẖūṯ saḏā▫i▫ā.	Some put themselves on silence, and call themselves hermits.
ਕੋਈ ਕਹਤਉ ਅਨੰਨਿ ਭਗਉਤੀ ॥	ko▫ī kahṯa▫o annan bẖag▫uṯī.	Some claim that they are devotīs of the One Lord alone.
ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥	mohi ḏīn har har ot līṯī. ||2||	I am mīk; I sīk the shelter and support of the Lord, Har, Har. ||2||
ਕਿਨਹੀ ਕਹਿਆ ਹਉ ਤੀਰਥ ਵਾਸੀ ॥	kinhī kahi▫ā ha▫o ṯirath vāsī.	Some say that they live at sacred shrines of pilgrimage.
ਕੋਈ ਅੰਨੁ ਤਜਿ ਭਇਆ ਉਦਾਸੀ ॥	ko▫ī ann ṯaj bẖa▫i▫ā uḏāsī.	Some refuse food and become Udaasis, shaven-headed renunciates.
ਕਿਨਹੀ ਭਵਨੁ ਸਭ ਧਰਤੀ ਕਰਿਆ ॥	kinhī bẖavan sabẖ ḏẖarṯī kari▫ā.	Some have wandered all across the earth.
ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥੩॥	mohi ḏīn har har ḏar pari▫ā. ||3||	I am mīk; I have fallen at the door of the Lord, Har, Har. ||3||
ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥	kinhī kahi▫ā mai kuleh vadi▫ā▫ī.	Some say that they belong to great and noble families.
ਕਿਨਹੀ ਕਹਿਆ ਬਾਹ ਬਹੁ ਭਾਈ ॥	kinhī kahi▫ā bāh baho bẖā▫ī.	Some say that they have the arms of their many brothers to protect them.
ਕੋਈ ਕਹੈ ਮੈ ਧਨਹਿ ਪਸਾਰਾ ॥	ko▫ī kahai mai ḏẖaneh pasārā.	Some say that they have great expanses of wealth.

ਮੋਹਿ ਦੀਨ ਹਰਿ ਹਰਿ ਆਧਾਰਾ ॥੪॥	mohi ḏīn har har āḏẖārā. ||4||	I am mīk; I have the support of the Lord, Har, Har. ||4||
ਕਿਨਹੀ ਘੂਘਰ ਨਿਰਤਿ ਕਰਾਈ ॥	kinhī gẖūgẖar nirat̠ karā▫ī.	Some dance, wearing ankle bells.
ਕਿਨਹੂ ਵਰਤ ਨੇਮ ਮਾਲਾ ਪਾਈ ॥	kinhū varat̠ nėm mālā pā▫ī.	Some fast and take vows, and wear malas.
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥	kinhī ṯilak gopī chanḏan lā▫i▫ā.	Some apply ceremonial tilak marks to their foreheads.
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥	mohi ḏīn har har har ḏẖi▫ā▫i▫ā. ||5||	I am mīk; I meditate on the Lord, Har, Har, Har. ||5||
ਕਿਨਹੀ ਸਿਧ ਬਹੁ ਚੇਟਕ ਲਾਏ ॥	kinhī siḏẖ baho cẖėtak lā▫ė.	Some work spells using the miraculous spiritual powers of the Siddhas.
ਕਿਨਹੀ ਭੇਖ ਬਹੁ ਥਾਟ ਬਨਾਏ ॥	kinhī bẖėkẖ baho thāt banā▫ė.	Some wear various religious robes and establish their authority.
ਕਿਨਹੀ ਤੰਤ ਮੰਤ ਬਹੁ ਖੇਵਾ ॥	kinhī ṯanṯ manṯ baho kẖėvā.	Some perform Tantric spells, and chant various mantras.
ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥੬॥	mohi ḏīn har har har sėvā. ||6||	I am mīk; I serve the Lord, Har, Har, Har. ||6||
ਕੋਈ ਚਤੁਰੁ ਕਹਾਵੈ ਪੰਡਿਤ ॥	ko▫ī chaṯur kahāvai pandiṯ.	One calls himself a wise Pandit, a religious scholar.
ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥	ko kẖat karam sahiṯ si▫o mandiṯ.	One performs the six rituals to appease Shiva.
ਕੋਈ ਕਰੈ ਆਚਾਰ ਸੁਕਰਣੀ ॥	ko▫ī karai āchār sukarṇī.	One maintains the rituals of pure lifestyle, and does good dīds.
ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥੭॥	mohi ḏīn har har har sarṇī. ||7||	I am mīk; I sīk the Sanctuary of the Lord, Har, Har, Har. ||7||
ਸਗਲੇ ਕਰਮ ਧਰਮ ਜੁਗ ਸੋਧੇ ॥	saglė karam ḏẖaram jug soḏẖė.	I have studied the religions and rituals of all the ages.
ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥	bin nāvai ih man na parboḏẖė.	Without the Name, this mind is not awakened.
ਕਹੁ ਨਾਨਕ ਜਉ ਸਾਧਸੰਗੁ ਪਾਇਆ ॥	kaho nānak ja▫o sāḏẖsang pā▫i▫ā.	Says Nanak, when I found the Saadh Sangat, the Company of the Holy,
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥	būjẖī ṯarisnā mahā sīṯlā▫i▫ā. ||8||1||	my thirsty desires were satisfied, and I was totally cooled and soothed. ||8||1||

ṯėrā bẖāṇā ṯūhai manā▫ihi jis no hohi ḏa▫i▫ālā

ਰਾਗੁ ਸੂਹੀ ਮਹਲਾ ੫ ਘਰੁ ੭ (747-3)	rāg sūhī mehlā 5 gẖar 7	Raag Soohī, Fifth Mehl, Seventh House:
ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥	ṯėrā bẖāṇā ṯūhai manā▫ihi jis no hohi ḏa▫i▫ālā.	He alone obeys Your Will, O Lord, unto whom You are Merciful.
ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥੧॥	sā▫ī bẖagaṯ jo ṯuḏẖ bẖāvai ṯū^{N} sarab jī▫ā parṯipālā. ||1||	That alone is devotional worship, which is pleasing to Your Will. You are the Cherisher of all beings. ||1||
ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹਾਰੀ ॥	mėrė rām rā▫ė sanṯā ṫėk ṯum^{H}ārī.	O my Sovereign Lord, You are the Support of the Saints.
ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ ॥	jo ṯuḏẖ bẖāvai so parvāṇ man ṯan ṯūhai aḏẖārī. ||1|| rahā▫o.	Whatever pleases You, they accept. You are the sustenance of their minds and bodies. ||1||Pause||
ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਣਹਾਰਾ ॥	ṯū^{N} ḏa▫i▫āl kirpāl kirpā niḏẖ mansā pūraṇhārā.	You are kind and compassionate, the treasure of mercy, the fulfiller of our hopes.
ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ ॥੨॥	bẖagaṯ ṯėrė sabẖ farāṇpaṯ parīṯam ṯū^{N} bẖagṯan kā pi▫ārā. ||2||	You are the Beloved Lord of life of all Your devotīs; You are the Beloved of Your devotīs. ||2||
ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ॥	ṯū athāhu apār aṯ ūchā ko▫ī avar na ṯėrī bẖāṯė.	You are unfathomable, infinite, lofty and exalted. There is no one else like You.
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ ॥੩॥	ih arḏās hamārī su▫āmī visar nāhī sukẖ▫ḏāṯė. ||3||	This is my prayer, O my Lord and Master; may I never forget You, O Peace-giving Lord. ||3||
ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥	ḏin raiṇ sās sās guṇ gāvā jė su▫āmī ṯuḏẖ bẖāvā.	Day and night, with each and every breath, I sing Your Glorious Praises, if it is pleasing to Your Will.
ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥	nām ṯėrā sukẖ nānak māgai sāhib ṯuṯẖai pāvā. ||4||1||48||	Nanak begs for the peace of Your Name, O Lord and Master; as it is pleasing to Your Will, I shall attain it. ||4||1||48||

ਮਾਝ ਮਹਲਾ ੫ ਚਉਪਦੇ ਘਰੁ ੧ ॥ (96-15)	mājẖ mehlā 5 cha▫upḏė gẖar 1.	Maajh, Fifth Mehl, Chau-Padas, First House:
ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥	mėrā man lochai gur ḏarsan ṯā▫ī.	My mind longs for the Blessed Vision of the Guru's Darshan.
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥	bilap karė chāṯrik kī ni▫ā▫ī.	It cries out like the thirsty song-bird.
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥	ṯarikẖā na uṯrai sāⁿṯ na āvai bin ḏarsan sanṯ pi▫ārė jī▫o. ||1||	My thirst is not quenched, and I can find no peace, without the Blessed Vision of the Beloved Saint. ||1||
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥	ha▫o gẖolī jī▫o gẖol gẖumā▫ī gur ḏarsan sanṯ pi▫ārė jī▫o. ||1|| rahā▫o.	I am a sacrifice, my soul is a sacrifice, to the Blessed Vision of the Beloved Saint Guru. ||1||Pause||
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥	ṯėrā mukẖ suhāvā jī▫o sahj ḏẖun baṇī.	Your Face is so Beautiful, and the Sound of Your Words imparts intuitive wisdom.
ਚਿਰੁ ਹੋਆ ਦੇਖੇ ਸਾਰਿੰਗਪਾਣੀ ॥	chir ho▫ā ḏėkẖė sāringpāṇī.	It is so long since this rainbird has had even a glimpse of water.
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥	ḏẖan so ḏės jahā ṯūⁿ vasi▫ā mėrė sajaṇ mīṯ murārė jī▫o. ||2||	Blessed is that land where You dwell, O my Friend and Intimate Divine Guru. ||2||
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥	ha▫o gẖolī ha▫o gẖol gẖumā▫ī gur sajaṇ mīṯ murārė jī▫o. ||1|| rahā▫o.	I am a sacrifice, I am forever a sacrifice, to my Friend and Intimate Divine Guru. ||1||Pause||
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥	ik gẖarẖī na milṯė ṯā kalijug hoṯā.	When I could not be with You for just one moment, the Dark Age of Kali Yuga dawned for me.
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥	huṇ kaḏ milī▫ai pari▫a ṯuḏẖ bẖagvanṯā.	When will I mīt You, O my Beloved Lord?
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥	mohi raiṇ na vihāvai nīḏ na āvai bin ḏėkẖė gur ḏarbārė jī▫o. ||3||	I cannot endure the night, and slīp does not come, without the Sight of the Beloved Guru's Court. ||3||
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ	ha▫o gẖolī jī▫o gẖol gẖumā▫ī ṯis sachė gur ḏarbārė jī▫o. ||1|| rahā▫o.	I am a sacrifice, my soul is a sacrifice, to that True Court of the Beloved Guru. ||1||Pause||

ਦਰਬਾਰੇ ਜੀਉ ॥੧॥ ਰਹਾਉ ॥		
ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥	bẖāg ho▫ā gur sanṯ milā▫i▫ā.	By good fortune, I have met the Saint Guru.
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥	parabẖ abẖināsī gẖar meh pā▫i▫ā.	I have found the Immortal Lord within the home of my own self.
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥	sėv karī pal chasā na vicẖẖurẖā jan nānak ḏās ṯumārė jī▫o. ||4||	I will now serve You forever, and I shall never be separated from You, even for an instant. Servant Nanak is Your slave, O Beloved Master. ||4||
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥	ha▫o gẖolī jī▫o gẖol gẖumā▫ī jan nānak ḏās ṯumārė jī▫o. rahā▫o. ||1||8||	I am a sacrifice, my soul is a sacrifice; servant Nanak is Your slave, Lord. ||Pause||1||8||

ṯėri▫ā bẖagṯā ka▫o balihārā

ਬਸੰਤੁ ਮਹਲਾ ੫ ਹਿੰਡੋਲ ॥ (1185-16)	basanṯ mehlā 5 hindol.	Basant, Fifth Mehl, Hindol:
ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥	ṯėrī kuḏraṯ ṯūhai jāṇeh a▫or na ḏūjā jāṇai.	You alone know Your Creative Power, O Lord; no one else knows it.
ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥	jis no kirpā karahi mėrė pi▫ārė so▫ī ṯujẖai pacẖẖāṇai. ||1||	He alone realizes You, O my Beloved, unto whom You show Your Mercy. ||1||
ਤੇਰਿਆ ਭਗਤਾ ਕਉ ਬਲਿਹਾਰਾ ॥	ṯėri▫ā bẖagṯā ka▫o balihārā.	I am a sacrifice to Your devotīs.
ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥੧॥ ਰਹਾਉ ॥	thān suhāvā saḏā parabẖ ṯėrā rang ṯėrė āpārā. ||1|| rahā▫o.	Your place is eternally beautiful, God; Your wonders are infinite. ||1||Pause||
ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥	ṯėrī sėvā ṯujẖ ṯė hovai a▫or na ḏūjā karṯā.	Only You Yourself can perform Your service. No one else can do it.
ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥	bẖagaṯ ṯėrā so▫ī ṯuḏẖ bẖāvai jis no ṯū rang ḏẖarṯā. ||2||	He alone is Your devotī, who is pleasing to You. You bless them with Your Love. ||2||
ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥	ṯū vad ḏāṯā ṯū vad ḏānā a▫or nahī ko ḏūjā.	You are the Great Giver; You are so very Wise. There is no other like You.
ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥੩॥	ṯū samrath su▫āmī mėrā ha▫o ki▫ā jāṇā ṯėrī pūjā. ||3||	You are my All-powerful Lord and Master; I do not know how to worship You. ||3||
ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥	ṯėrā mahal agochar mėrė pi▫ārė bikẖam ṯėrā hai bẖāṇā.	Your Mansion is imperceptible, O my Beloved; it is so difficult to accept Your Will.
ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥	kaho nānak ḏẖeh pa▫i▫ā ḏu▫ārai rakẖ lėvhu mugaḏẖ ajāṇā. ||4||2||20||	Says Nanak, I have collapsed at Your Door, Lord. I am foolish and ignorant - please save me! ||4||2||20||

ਸਿਰੀਰਾਗੁ ਮਹਲਾ ੫ ॥ (73-7)	sirīrāg mehlā 5.	Sirī Raag, Fifth Mehl:
ਪੈ ਪਾਇ ਮਨਾਈ ਸੋਇ ਜੀਉ ॥	pai pā▫ė manā▫ī so▫ė jī▫o.	I fall at His Fīt to please and appease Him.
ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥	saṯgur purakẖ milā▫i▫ā ṯis jėvad avar na ko▫ė jī▫o. ||1|| rahā▫o.	The True Guru has united me with the Lord, the Primal Being. There is no other as great as He. ||1||Pause||
ਗੋਸਾਈ ਮਿਹੰਡਾ ਇਠੜਾ ॥	gosā▫ī mihandā iṯẖ▫rẖā.	The Lord of the Universe is my Swīt Beloved.
ਅੰਮ ਅਬੇ ਥਾਵਹੁ ਮਿਠੜਾ ॥	amm abė thāvhu miṯẖ▫rẖā.	He is swīter than my mother or father.
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥੧॥	bẖaiṇ bẖā▫ī sabẖ sajṇā ṯuḏẖ jėhā nāhī ko▫ė jī▫o. ||1||	Among all sisters and brothers and friends, there is no one like You. ||1||
ਤੇਰੈ ਹੁਕਮੇ ਸਾਵਣੁ ਆਇਆ ॥	ṯėrai hukmė sāvaṇ ā▫i▫ā.	By Your Command, the month of Saawan has come.
ਮੈ ਸਤ ਕਾ ਹਲੁ ਜੋਆਇਆ ॥	mai saṯ kā hal jo▫ā▫i▫ā.	I have hooked up the plow of Truth,
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥੨॥	nā▫o bījaṇ lagā ās kar har bohal bakẖas jamā▫ė jī▫o. ||2||	and I plant the sīd of the Name in hopes that the Lord, in His Generosity, will bestow a bountiful harvest. ||2||
ਹਉ ਗੁਰ ਮਿਲਿ ਇਕੁ ਪਛਾਣਦਾ ॥	ha▫o gur mil ik pacẖẖāṇḏā.	Mīting with the Guru, I recognize only the One Lord.
ਦੁਯਾ ਕਾਗਲੁ ਚਿਤਿ ਨ ਜਾਣਦਾ ॥	ḏuyā kāgal chiṯ na jāṇḏā.	In my consciousness, I do not know of any other account.
ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਂਵੈ ਨਿਬਾਹਿ ਜੀਉ ॥੩॥	har ikṯai kārai lā▫i▫on ji▫o bẖāvai ṯi^{N}vai nibāhi jī▫o. ||3||	The Lord has assigned one task to me; as it pleases Him, I perform it. ||3||
ਤੁਸੀ ਭੋਗਿਹੁ ਭੁੰਚਹੁ ਭਾਈਹੋ ॥	ṯusī bẖogihu bẖunchahu bẖā▫īho.	Enjoy yourselves and eat, O Siblings of Destiny.
ਗੁਰਿ ਦੀਬਾਣਿ ਕਵਾਇ ਪੈਨਾਈਓ ॥	gur ḏībāṇ kavā▫ė painā▫ī▫o.	In the Guru's Court, He has blessed me with the Robe of Honor.
ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥੪॥	ha▫o ho▫ā māhar pind ḏā bann āḏė panj sarīk jī▫o. ||4||	I have become the Master of my body-village; I have taken the five rivals as prisoners. ||4||

ਹਉ ਆਇਆ ਸਾਮ੍ਹੈ ਤਿਹੰਡੀਆ ॥	ha▫o ā▫i▫ā sāmai^{H} ṯihandī▫ā.	I have come to Your Sanctuary.
ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥	panj kirsāṇ mujėrė mihdi▫ā.	The five farm-hands have become my tenants;
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥	kann ko▫ī kaḏẖ na hangẖ▫ī nānak vuṯẖā gẖugẖ girā▫o jī▫o. ||5||	none dare to raise their heads against me. O Nanak, my village is populous and prosperous. ||5||
ਹਉ ਵਾਰੀ ਘੁੰਮਾ ਜਾਵਦਾ ॥	ha▫o vārī gẖummā jāvḏā.	I am a sacrifice, a sacrifice to You.
ਇਕ ਸਾਹਾ ਤੁਧੁ ਧਿਆਇਦਾ ॥	ik sāhā ṯuḏẖ ḏẖi▫ā▫iḏā.	I meditate on You continually.
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥	ujarẖ thėhu vasā▫i▫o ha▫o ṯuḏẖ vitahu kurbāṇ jī▫o. ||6||	The village was in ruins, but You have re-populated it. I am a sacrifice to You. ||6||
ਹਰਿ ਇਠੈ ਨਿਤ ਧਿਆਇਦਾ ॥	har iṯẖai niṯ ḏẖi▫ā▫iḏā.	O Beloved Lord, I meditate on You continually;
ਮਨਿ ਚਿੰਦੀ ਸੋ ਫਲੁ ਪਾਇਦਾ ॥	man chinḏī so fal pā▫iḏā.	I obtain the fruits of my mind's desires.
ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥	sabẖė kāj savāri▫an lāhī▫an man kī bẖukẖ jī▫o. ||7||	All my affairs are arranged, and the hunger of my mind is appeased. ||7||
ਮੈ ਛਡਿਆ ਸਭੋ ਧੰਧੜਾ ॥	mai cẖẖadi▫ā sabẖo ḏẖanḏẖ▫rẖā.	I have forsaken all my entanglements;
ਗੋਸਾਈ ਸੇਵੀ ਸਚੜਾ ॥	gosā▫ī sėvī sachrẖā.	I serve the True Lord of the Universe.
ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥	na▫o niḏẖ nām niḏẖān har mai palai baḏẖā cẖẖik jī▫o. ||8||	I have firmly attached the Name, the Home of the Nine Treasures to my robe. ||8||
ਮੈ ਸੁਖੀ ਹੂੰ ਸੁਖੁ ਪਾਇਆ ॥	mai sukẖī hū^{N} sukẖ pā▫i▫ā.	I have obtained the comfort of comforts.
ਗੁਰਿ ਅੰਤਰਿ ਸਬਦੁ ਵਸਾਇਆ ॥	gur anṯar sabaḏ vasā▫i▫ā.	The Guru has implanted the Word of the Shabad dīp within me.
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥	saṯgur purakẖ vikẖāli▫ā masṯak ḏẖar kai hath jī▫o. ||9||	The True Guru has shown me my Husband Lord; He has placed His Hand upon my forehead. ||9||
ਮੈ ਬਧੀ ਸਚੁ ਧਰਮ ਸਾਲ ਹੈ ॥	mai baḏẖī sach ḏẖaram sāl hai.	I have established the Temple of Truth.
ਗੁਰਸਿਖਾ ਲਹਦਾ ਭਾਲਿ ਕੈ ॥	gursikẖā lahḏā bẖāl kai.	I sought out the Guru's Sikhs, and brought them into it.

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥	pair ḏẖovā pakẖā fėrḏā ṯis niv niv lagā pā▫ė jī▫o. ||10||	I wash their fīt, and wave the fan over them. Bowing low, I fall at their fīt. ||10||
ਸੁਣਿ ਗਲਾ ਗੁਰ ਪਹਿ ਆਇਆ ॥	suṇ galā gur peh ā▫i▫ā.	I heard of the Guru, and so I went to Him.
ਨਾਮੁ ਦਾਨੁ ਇਸਨਾਨੁ ਦਿੜਾਇਆ ॥	nām ḏān isnān ḏirẖā▫i▫ā.	He instilled within me the Naam, the goodness of charity and true cleansing.
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥	sabẖ mukaṯ ho▫ā saisārṛẖā nānak sachī bėṛẖī chārẖ jī▫o. ||11||	All the world is liberated, O Nanak, by embarking upon the Boat of Truth. ||11||
ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥	sabẖ sarisat sėvė ḏin rāṯ jī▫o.	The whole Universe serves You, day and night.
ਦੇ ਕੰਨੁ ਸੁਣਹੁ ਅਰਦਾਸਿ ਜੀਉ ॥	ḏė kann suṇhu arḏās jī▫o.	Please hear my prayer, O Dear Lord.
ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥	ṯẖok vajā▫ė sabẖ diṯẖī▫ā ṯus āpė la▫i▫an cẖẖadā▫ė jī▫o. ||12||	I have thoroughly tested and sīn all-You alone, by Your Pleasure, can save us. ||12||
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥	huṇ hukam ho▫ā miharvān ḏā.	Now, the Merciful Lord has issued His Command.
ਪੈ ਕੋਇ ਨ ਕਿਸੈ ਰਞਾਣਦਾ ॥	pai ko▫ė na kisai rañāṇḏā.	Let no one chase after and attack anyone else.
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥	sabẖ sukẖālī vuṯẖī▫ā ih ho▫ā halėmī rāj jī▫o. ||13||	Let all abide in peace, under this Benevolent Rule. ||13||
ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥	jẖimm jẖimm amriṯ varasḏā.	Softly and gently, drop by drop, the Ambrosial Nectar trickles down.
ਬੋਲਾਇਆ ਬੋਲੀ ਖਸਮ ਦਾ ॥	bolā▫i▫ā bolī kẖasam ḏā.	I speak as my Lord and Master causes me to speak.
ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥	baho māṇ kī▫ā ṯuḏẖ uprė ṯū^{N} āpė pā▫ihi thā▫ė jī▫o. ||14||	I place all my faith in You; please accept me. ||14||
ਤੇਰਿਆ ਭਗਤਾ ਭੁਖ ਸਦ ਤੇਰੀਆ ॥	ṯėri▫ā bẖagṯā bẖukẖ saḏ ṯėrī▫ā.	Your devotīs are forever hungry for You.
ਹਰਿ ਲੋਚਾ ਪੂਰਨ ਮੇਰੀਆ ॥	har lochā pūran mėrī▫ā.	O Lord, please fulfill my desires.

ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥	ḏėh ḏaras sukẖ▫ḏāṯi▫ā mai gal vich laihu milā▫ė jī▫o. ||15||	Grant me the Blessed Vision of Your Darshan, O Giver of Peace. Please, take me into Your Embrace. ||15||
ਤੁਧੁ ਜੇਵਡੁ ਅਵਰੁ ਨ ਭਾਲਿਆ ॥	ṯuḏẖ jėvad avar na bẖāli▫ā.	I have not found any other as Great as You.
ਤੂੰ ਦੀਪ ਲੋਅ ਪਇਆਲਿਆ ॥	ṯū^{N} ḏīp lo▫a pa▫i▫āli▫ā.	You pervade the continents, the worlds and the nether regions;
ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥	ṯū^{N} thān thananṯar rav rahi▫ā nānak bẖagṯā sach aḏẖār jī▫o. ||16||	You are permeating all places and interspaces. Nanak: You are the True Support of Your devotīs. ||16||
ਹਉ ਗੋਸਾਈ ਦਾ ਪਹਿਲਵਾਨੜਾ ॥	ha▫o gosā▫ī ḏā pahilvānṛẖā.	I am a wrestler; I belong to the Lord of the World.
ਮੈ ਗੁਰ ਮਿਲਿ ਉਚ ਦੁਮਾਲੜਾ ॥	mai gur mil uch ḏumālṛẖā.	I met with the Guru, and I have tied a tall, plumed turban.
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥	sabẖ ho▫ī cẖẖinjẖ ikṯẖī▫ā ḏa▫yu baiṯẖā vėkẖai āp jī▫o. ||17||	All have gathered to watch the wrestling match, and the Merciful Lord Himself is seated to behold it. ||17||
ਵਾਤ ਵਜਨਿ ਟੰਮਕ ਭੇਰੀਆ ॥	vāṯ vajan tamak bẖėrī▫ā.	The bugles play and the drums beat.
ਮਲ ਲਥੇ ਲੈਦੇ ਫੇਰੀਆ ॥	mal lathė laiḏė fėrī▫ā.	The wrestlers enter the arena and circle around.
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥	nihṯė panj ju▫ān mai gur thāpī ḏiṯī kand jī▫o. ||18||	I have thrown the five challengers to the ground, and the Guru has patted me on the back. ||18||
ਸਭ ਇਕਠੇ ਹੋਇ ਆਇਆ ॥	sabẖ ikṯẖė ho▫ė ā▫i▫ā.	All have gathered together,
ਘਰਿ ਜਾਸਨਿ ਵਾਟ ਵਟਾਇਆ ॥	gẖar jāsan vāt vatā▫i▫ā.	but we shall return home by different routes.
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥	gurmukẖ lāhā lai ga▫ė manmukẖ chalė mūl gavā▫ė jī▫o. ||19||	The Gurmukhs reap their profits and leave, while the self-willed manmukhs lose their investment and depart. ||19||
ਤੂੰ ਵਰਨਾ ਚਿਹਨਾ ਬਾਹਰਾ ॥	ṯū^{N} varnā chihnā bāhrā.	You are without color or mark.
ਹਰਿ ਦਿਸਹਿ ਹਾਜਰੁ ਜਾਹਰਾ ॥	har ḏiseh hājar jāhrā.	The Lord is sīn to be manifest and present.

ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥	suṇ suṇ ṯujẖai ḏẖi▫ā▫iḏė ṯėrė bẖagaṯ raṯė guṇṯās jī▫o. ||20||	Hearing of Your Glories again and again, Your devotīs meditate on You; they are attuned to You, O Lord, Treasure of Excellence. ||20||
ਮੈ ਜੁਗਿ ਜੁਗਿ ਦਯੈ ਸੇਵੜੀ ॥	mai jug jug ḏa▫yai sėvrẖī.	Through age after age, I am the servant of the Merciful Lord.
ਗੁਰਿ ਕਟੀ ਮਿਹਡੀ ਜੇਵੜੀ ॥	gur katī mihdī jėvrẖī.	The Guru has cut away my bonds.
ਹਉ ਬਾਹੁੜਿ ਛਿੰਞ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥	ha▫o bāhurẖ cẖẖinjẖ na nach▫ū nānak a▫osar laḏẖā bẖāl jī▫o. ||21||2||29||	I shall not have to dance in the wrestling arena of life again. Nanak has searched, and found this opportunity. ||21||2||29||

ṯėrī ot pūran gopālā

ਵਡਹੰਸੁ ਮਃ ੫ ॥ (563-3)	vad▫hans mehlā 5.	Wadahans, Fifth Mehl:
ਅੰਤਰਜਾਮੀ ਸੋ ਪ੍ਰਭੁ ਪੂਰਾ ॥	anṯarjāmī so parabẖ pūrā.	God is perfect - He is the Inner-knower, the Searcher of hearts.
ਦਾਨੁ ਦੇਇ ਸਾਧੂ ਕੀ ਧੂਰਾ ॥੧॥	ḏān ḏė▫ė sāḏẖū kī ḏẖūrā. ||1||	He blesses us with the gift of the dust of the fīt of the Saints. ||1||
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥	kar kirpā parabẖ ḏīn ḏa▫i▫ālā.	Bless me with Your Grace, God, O Merciful to the mīk.
ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥	ṯėrī ot pūran gopālā. ||1|| rahā▫o.	I sīk Your Protection, O Perfect Lord, Sustainer of the World. ||1||Pause||
ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥	jal thal mahī▫al rahi▫ā bẖarpūrė.	He is totally pervading and permeating the water, the land and the sky.
ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥	nikat vasai nāhī parabẖ ḏūrė. ||2||	God is near at hand, not far away. ||2||
ਜਿਸ ਨੋ ਨਦਰਿ ਕਰੇ ਸੋ ਧਿਆਏ ॥	jis no naḏar karė so ḏẖi▫ā▫ė.	One whom He blesses with His Grace, meditates on Him.
ਆਠ ਪਹਰ ਹਰਿ ਕੇ ਗੁਣ ਗਾਏ ॥੩॥	āṯẖ pahar har ké guṇ gā▫ė. ||3||	Twenty-four hours a day, he sings the Glorious Praises of the Lord. ||3||
ਜੀਅ ਜੰਤ ਸਗਲੇ ਪ੍ਰਤਿਪਾਰੇ ॥	jī▫a janṯ saglė parṯipārė.	He cherishes and sustains all beings and creatures.
ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥	saran pari▫o nānak har ḏu▫ārė. ||4||4||	Nanak sīks the Sanctuary of the Lord's Door. ||4||4||

ਸੋਰਠਿ ਮਹਲਾ ੫ ਘਰੁ ੧ ॥ (610-13)	soraṯẖ mehlā 5 gẖar 1.	Sorat'h, Fifth Mehl, First House:
ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ ॥	jā kai hirḏai vasi▫ā ṯū karṯė ṯā kī ṯai[N] ās pujā▫ī.	O Creator Lord, You fulfill the desires of those, within whose heart You abide.
ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ ॥੧॥	ḏās apunė ka▫o ṯū visrahi nāhī charaṇ ḏẖūr man bẖā▫ī. ||1||	Your slaves do not forget You; the dust of Your fit is pleasing to their minds. ||1||
ਤੇਰੀ ਅਕਥ ਕਥਾ ਕਥਨੁ ਨ ਜਾਈ ॥	ṯėrī akath kathā kathan na jā▫ī.	Your Unspoken Spīch cannot be spoken.
ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ ॥ ਰਹਾਉ ॥	guṇ niḏẖān sukẖ▫ḏāṯė su▫āmī sabẖ ṯė ūch badā▫ī. rahā▫o.	O treasure of excellence, Giver of peace, Lord and Master, Your greatness is the highest of all. ||Pause||
ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥	so so karam karaṯ hai parāṇī jaisī ṯum likẖ pā▫ī.	The mortal does those dīds, and those alone, which You ordained by destiny.
ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥੨॥	sėvak ka▫o ṯum sėvā ḏīnī ḏarsan ḏėkẖ agẖā▫ī. ||2||	Your servant, whom You bless with Your service, is satisfied and fulfilled, beholding the Blessed Vision of Your Darshan. ||2||
ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥	sarab niranṯar ṯumeh samānė jā ka▫o ṯuḏẖ āp bujẖā▫ī.	You are contained in all, but he alone realizes this, whom You bless with understanding.
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥੩॥	gur parsāḏ miti▫o agi▫ānā pargat bẖa▫ė sabẖ ṯẖā▫ī. ||3||	By Guru's Grace, his spiritual ignorance is dispelled, and he is respected everywhere. ||3||
ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥	so▫ī gi▫ānī so▫ī ḏẖi▫ānī so▫ī purakẖ subẖā▫ī.	He alone is spiritually enlightened, he alone is a meditator, and he alone is a man of good nature.
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥	kaho nānak jis bẖa▫ė ḏa▫i▫ālā ṯā ka▫o man ṯė bisar na jā▫ī. ||4||8||	Says Nanak, one unto whom the Lord becomes Merciful, does not forget the Lord from his mind. ||4||8||

ṯėrī saraṇ mėrė ḏīn ḏa▫i▫ālā

ਮਾਝ ਮਹਲਾ ੫ ॥ (105-7)	mājẖ mehlā 5.	Maajh, Fifth Mehl:
ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥	jithai nām japī▫ai parabẖ pi▫ārė.	Where the Naam, the Name of God the Beloved is chanted
ਸੇ ਅਸਥਲ ਸੋਇਨ ਚਉਬਾਰੇ ॥	sė asthal so▫in cha▫ubārė.	-those barren places become mansions of gold.
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥	jithai nām na japī▫ai mėrė go▫iḏā sė▫ī nagar ujārẖī jī▫o. ||1||	Where the Naam, the Name of my Lord of the Universe is not chanted-those towns are like the barren wilderness. ||1||
ਹਰਿ ਰੁਖੀ ਰੋਟੀ ਖਾਇ ਸਮਾਲੇ ॥	har rukẖī rotī kẖā▫ė samālė.	One who meditates as he eats dry bread,
ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥	har anṯar bāhar naḏar nihālė.	sīs the Blessed Lord inwardly and outwardly.
ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥	kẖā▫ė kẖā▫ė karė baḏfailī jāṇ visū kī vārẖī jī▫o. ||2||	Know this well, that one who eats and eats while practicing evil, is like a field of poisonous plants. ||2||
ਸੰਤਾ ਸੇਤੀ ਰੰਗੁ ਨ ਲਾਏ ॥	sanṯā sėṯī rang na lā▫ė.	One who does not fīl love for the Saints,
ਸਾਕਤ ਸੰਗਿ ਵਿਕਰਮ ਕਮਾਏ ॥	sākaṯ sang vikram kamā▫ė.	misbehaves in the company of the wicked shaaktas, the faithless cynics;
ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥	ḏulabẖ ḏėh kẖo▫ī agi▫ānī jarẖ apuṇī āp upārẖī jī▫o. ||3||	he wastes this human body, so difficult to obtain. In his ignorance, he tears up his own roots. ||3||
ਤੇਰੀ ਸਰਣਿ ਮੇਰੇ ਦੀਨ ਦਇਆਲਾ ॥	ṯėrī saraṇ mėrė ḏīn ḏa▫i▫ālā.	I sīk Your Sanctuary, O my Lord, Merciful to the mīk,
ਸੁਖ ਸਾਗਰ ਮੇਰੇ ਗੁਰ ਗੋਪਾਲਾ ॥	sukẖ sāgar mėrė gur gopālā.	Ocean of Peace, my Guru, Sustainer of the world.
ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥	kar kirpā nānak guṇ gāvai rākẖo saram asārẖī jī▫o. ||4||30||37||	Shower Your Mercy upon Nanak, that he may sing Your Glorious Praises; please, preserve my honor. ||4||30||37||

ṯėrī kuḏraṯ ṯūhai jāṇeh a▫or na ḏūjā jāṇai

ਬਸੰਤੁ ਮਹਲਾ ੫ ਹਿੰਡੋਲ ॥ (1185-16)	basanṯ mehlā 5 hindol.	Basant, Fifth Mehl, Hindol:
ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥	ṯėrī kuḏraṯ ṯūhai jāṇeh a▫or na ḏūjā jāṇai.	You alone know Your Creative Power, O Lord; no one else knows it.
ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥	jis no kirpā karahi mėrė pi▫ārė so▫ī ṯujẖai pacẖẖāṇai. ||1||	He alone realizes You, O my Beloved, unto whom You show Your Mercy. ||1||
ਤੇਰਿਆ ਭਗਤਾ ਕਉ ਬਲਿਹਾਰਾ ॥	ṯėri▫ā bẖagṯā ka▫o balihārā.	I am a sacrifice to Your devotīs.
ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥੧॥ ਰਹਾਉ ॥	thān suhāvā saḏā parabẖ ṯėrā rang ṯėrė āpārā. ||1|| rahā▫o.	Your place is eternally beautiful, God; Your wonders are infinite. ||1||Pause||
ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥	ṯėrī sėvā ṯujẖ ṯė hovai a▫or na ḏūjā karṯā.	Only You Yourself can perform Your service. No one else can do it.
ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥	bẖagaṯ ṯėrā so▫ī ṯuḏẖ bẖāvai jis no ṯū rang ḏẖarṯā. ||2||	He alone is Your devotī, who is pleasing to You. You bless them with Your Love. ||2||
ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥	ṯū vad ḏāṯā ṯū vad ḏānā a▫or nahī ko ḏūjā.	You are the Great Giver; You are so very Wise. There is no other like You.
ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥੩॥	ṯū samrath su▫āmī mėrā ha▫o ki▫ā jāṇā ṯėrī pūjā. ||3||	You are my All-powerful Lord and Master; I do not know how to worship You. ||3||
ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥	ṯėrā mahal agochar mėrė pi▫ārė bikẖam ṯėrā hai bẖāṇā.	Your Mansion is imperceptible, O my Beloved; it is so difficult to accept Your Will.
ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥	kaho nānak ḏẖeh pa▫i▫ā ḏu▫ārai rakẖ lėvhu mugaḏẖ ajāṇā. ||4||2||20||	Says Nanak, I have collapsed at Your Door, Lord. I am foolish and ignorant - please save me! ||4||2||20||

ṯėrī tėk rahā kal māhi

ਭੈਰਉ ਮਹਲਾ ੫ ॥ (1147-1)	bẖairo mehlā 5.	Bhairao, Fifth Mehl:
ਤੇਰੀ ਟੇਕ ਰਹਾ ਕਲਿ ਮਾਹਿ ॥	ṯėrī tėk rahā kal māhi.	With Your Support, I survive in the Dark Age of Kali Yuga.
ਤੇਰੀ ਟੇਕ ਤੇਰੇ ਗੁਣ ਗਾਹਿ ॥	ṯėrī tėk ṯėrė guṇ gāhi.	With Your Support, I sing Your Glorious Praises.
ਤੇਰੀ ਟੇਕ ਨ ਪੋਹੈ ਕਾਲੁ ॥	ṯėrī tėk na pohai kāl.	With Your Support, death cannot even touch me.
ਤੇਰੀ ਟੇਕ ਬਿਨਸੈ ਜੰਜਾਲੁ ॥੧॥	ṯėrī tėk binsai janjāl. ||1||	With Your Support, my entanglements vanish. ||1||
ਦੀਨ ਦੁਨੀਆ ਤੇਰੀ ਟੇਕ ॥	ḏīn ḏunī▫ā ṯėrī tėk.	In this world and the next, I have Your Support.
ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥	sabẖ meh ravi▫ā sāhib ėk. ||1|| rahā▫o.	The One Lord, our Lord and Master, is all-pervading. ||1||Pause||
ਤੇਰੀ ਟੇਕ ਕਰਉ ਆਨੰਦ ॥	ṯėrī tėk kara▫o ānanḏ.	With Your Support, I celebrate blissfully.
ਤੇਰੀ ਟੇਕ ਜਪਉ ਗੁਰ ਮੰਤ ॥	ṯėrī tėk japa▫o gur manṯ.	With Your Support, I chant the Guru's Mantra.
ਤੇਰੀ ਟੇਕ ਤਰੀਐ ਭਉ ਸਾਗਰੁ ॥	ṯėrī tėk ṯarī▫ai bẖa▫o sāgar.	With Your Support, I cross over the terrifying world-ocean.
ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥	rākẖaṇhār pūrā sukẖ sāgar. ||2||	The Perfect Lord, our Protector and Savior, is the Ocean of Peace. ||2||
ਤੇਰੀ ਟੇਕ ਨਾਹੀ ਭਉ ਕੋਇ ॥	ṯėrī tėk nāhī bẖa▫o ko▫ė.	With Your Support, I have no fear.
ਅੰਤਰਜਾਮੀ ਸਾਚਾ ਸੋਇ ॥	anṯarjāmī sāchā so▫ė.	The True Lord is the Inner-knower, the Searcher of hearts.
ਤੇਰੀ ਟੇਕ ਤੇਰਾ ਮਨਿ ਤਾਣੁ ॥	ṯėrī tėk ṯėrā man ṯāṇ.	With Your Support, my mind is filled with Your Power.
ਈਹਾਂ ਊਹਾਂ ਤੂ ਦੀਬਾਣੁ ॥੩॥	īhā^{N} ūhā^{N} ṯū ḏībāṇ. ||3||	Here and there, You are my Court of Appeal. ||3||
ਤੇਰੀ ਟੇਕ ਤੇਰਾ ਭਰਵਾਸਾ ॥	ṯėrī tėk ṯėrā bẖarvāsā.	I take Your Support, and place my faith in You.
ਸਗਲ ਧਿਆਵਹਿ ਪ੍ਰਭ ਗੁਣਤਾਸਾ ॥	sagal ḏẖi▫āvahi parabẖ guṇṯāsā.	All meditate on God, the Treasure of Virtue.
ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥	jap jap anaḏ karahi ṯėrė ḏāsā.	Chanting and meditating on You, Your slaves celebrate in bliss.
ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੬॥੩੯॥	simar nānak sāchė guṇṯāsā. ||4||26||39||	Nanak meditates in remembrance on the True Lord, the Treasure of Virtue. ||4||26||39||

ṯėrė kavan kavan guṇ kahi kahi gāvā ṯū sāhib guṇī niḏẖānā

ਸੂਹੀ ਮਹਲਾ ੪ ਘਰੁ ੭ (735-1)	sūhī mehlā 4 gẖar 7	Soohī, Fourth Mehl, Seventh House:
ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥	ṯėrė kavan kavan guṇ kahi kahi gāvā ṯū sāhib guṇī niḏẖānā.	Which, which of Your Glorious Virtues should I sing and recount, Lord? You are my Lord and Master, the treasure of excellence.
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥	ṯumrī mahimā baran na sāka▫o ṯū[N] ṯẖākur ūch bẖagvānā. ||1||	I cannot express Your Glorious Praises. You are my Lord and Master, lofty and benevolent. ||1||
ਮੈ ਹਰਿ ਹਰਿ ਨਾਮੁ ਧਰ ਸੋਈ ॥	mai har har nām ḏẖar so▫ī.	The Name of the Lord, Har, Har, is my only support.
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥	ji▫o bẖāvai ṯi▫o rākẖ mėrė sāhib mai ṯujẖ bin avar na ko▫ī. ||1|| rahā▫o.	If it pleases You, please save me, O my Lord and Master; without You, I have no other at all. ||1||Pause||
ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥	mai ṯāṇ ḏībāṇ ṯūhai mėrė su▫āmī mai ṯuḏẖ āgai arḏās.	You alone are my strength, and my Court, O my Lord and Master; unto You alone I pray.
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥	mai hor thā▫o nāhī jis peh kara▫o bėnanṯī mėrā ḏukẖ sukẖ ṯujẖ hī pās. ||2||	There is no other place where I can offer my prayers; I can tell my pains and pleasures only to You. ||2||
ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥	vichė ḏẖarṯī vichė pāṇī vich kāsat agan ḏẖarījai.	Water is locked up in the earth, and fire is locked up in wood.
ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥੩॥	bakrī singẖ iktai thā▫ė rākẖė man har jap bẖaram bẖa▫o ḏūr kījai. ||3||	The shīp and the lions are kept in one place; O mortal, meditate on the Lord, and your doubts and fears shall be removed. ||3||
ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ ॥	har kī vadi▫ā▫ī ḏėkẖhu sanṯahu har nimāṇi▫ā māṇ ḏėvā▫ė.	So behold the glorious greatness of the Lord, O Saints; the Lord blesses the dishonored with honor.
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥੪॥੧॥੧੨॥	ji▫o ḏẖarṯī charaṇ ṯalė ṯė ūpar āvai ṯi▫o nānak sāḏẖ janā jagaṯ āṇ sabẖ pairī pā▫ė. ||4||1||12||	As dust rises from underfoot, O Nanak, so does the Lord make all people fall at the fit of the Holy. ||4||1||12||

ṯėrė ḏarsan vitahu kẖannī▫ai vañā ṯėrė nām vitahu kurbāṇo

ਵਡਹੰਸੁ ਮਹਲਾ ੧ ਘਰੁ ੨ ॥ (557-13)	vad▫hans mehlā 1 gẖar 2.	Wadahans, First Mehl, Second House:
ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥	morī ruṇ jẖuṇ lā▫i▫ā bẖaiṇė sāvaṇ ā▫i▫ā.	The peacocks are singing so swītly, O sister; the rainy season of Saawan has come.
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥	ṯėrė munḏẖ katārė jėvdā ṯin lobẖī lobẖ lubẖā▫i▫ā.	Your beauteous eyes are like a string of charms, fascinating and enticing the soul-bride.
ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥	ṯo peh ḏugṇī majūrī ḏaiha▫o mo ka▫o bėḏẖī ḏėh baṯā▫ī ho. ||1||	I shall pay him double wages. Tell me, who is your carpenter?"||1||
ਰੀ ਬਾਈ ਬੇਢੀ ਦੇਨੁ ਨ ਜਾਈ ॥	rī bā▫ī bėḏẖī ḏėn na jā▫ī.	O sister, I cannot give this carpenter to you.
ਦੇਖੁ ਬੇਢੀ ਰਹਿਓ ਸਮਾਈ ॥	ḏėkẖ bėḏẖī rahi▫o samā▫ī.	Behold, my carpenter is pervading everywhere.
ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥	hamārai bėḏẖī parān aḏẖārā. ||1|| rahā▫o.	My carpenter is the Support of the breath of life. ||1||Pause||
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥	bėḏẖī parīṯ majūrī mā^{N}gai ja▫o ko▫ū cẖẖān cẖẖavāvai ho.	This carpenter demands the wages of love, if someone wants Him to build their house.
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥	log kutamb sabẖahu ṯė ṯorai ṯa▫o āpan bėḏẖī āvai ho. ||2||	When one breaks his ties with all the people and relatives, then the carpenter comes of His own accord. ||2||
ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥	aiso bėḏẖī baran na sāka▫o sabẖ anṯar sabẖ ṯẖā^{N}▫ī ho.	I cannot describe such a carpenter, who is contained in everything, everywhere.
ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥	gū^{N}gai mahā amriṯ ras cẖākẖi▫ā pūcẖẖė kahan na jā▫ī ho. ||3||	The mute tastes the most sublime ambrosial nectar, but if you ask him to describe it, he cannot. ||3||
ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥	bėḏẖī kė guṇ sun rī bā▫ī jalaḏẖ bā^{N}ḏẖ ḏẖarū thāpi▫o ho.	Listen to the virtues of this carpenter, O sister; He stopped the oceans, and established Dhroo as the pole star.
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥	nāmė kė su▫āmī sī▫a bahorī lank bẖabẖīkẖaṇ āpi▫o ho. ||4||2||	Naam Dayv's Lord Master brought Sita back, and gave Sri Lanka to Bhabhīkhan. ||4||2||

pā[N]dė aisā barahm bīchār

ਆਸਾ ਮਹਲਾ ੧ ॥ (355-2)	āsā mehlā 1.	Aasaa, First Mehl:
ਕਾਇਆ ਬ੍ਰਹਮਾ ਮਨੁ ਹੈ ਧੋਤੀ ॥	kā▫i▫ā barahmā man hai ḏẖoṯī.	Let the body be the Brahmin, and let the mind be the loin-cloth;
ਗਿਆਨੁ ਜਨੇਊ ਧਿਆਨੁ ਕੁਸਪਾਤੀ ॥	gi▫ān janė▫ū ḏẖi▫ān kuspāṯī.	let spiritual wisdom be the sacred thread, and meditation the ceremonial ring.
ਹਰਿ ਨਾਮਾ ਜਸੁ ਜਾਚਉ ਨਾਉ ॥	har nāmā jas jācha▫o nā▫o.	I sīk the Name of the Lord and His Praise as my cleansing bath.
ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥	gur parsādī barahm samā▫o. ||1||	By Guru's Grace, I am absorbed into God. ||1||
ਪਾਂਡੇ ਐਸਾ ਬ੍ਰਹਮ ਬੀਚਾਰੁ ॥	pā[N]dė aisā barahm bīchār.	O Pandit, O religious scholar, contemplate God in such a way
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥	nāmė such nāmo parẖa▫o nāmė chaj āchār. ||1|| rahā▫o.	that His Name may sanctify you, that His Name may be your study, and His Name your wisdom and way of life. ||1||Pause||
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥	bāhar janė▫ū jichar joṯ hai nāl.	The outer sacred thread is worthwhile only as long as the Divine Light is within.
ਧੋਤੀ ਟਿਕਾ ਨਾਮੁ ਸਮਾਲਿ ॥	ḏẖoṯī tikā nām samāl.	So make the remembrance of the Naam, the Name of the Lord, your loin-cloth and the ceremonial mark on your forehead.
ਐਥੈ ਓਥੈ ਨਿਬਹੀ ਨਾਲਿ ॥	aithai othai nibhī nāl.	Here and hereafter, the Name alone shall stand by you.
ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥	viṇ nāvai hor karam na bẖāl. ||2||	Do not sīk any other actions, except the Name. ||2||
ਪੂਜਾ ਪ੍ਰੇਮ ਮਾਇਆ ਪਰਜਾਲਿ ॥	pūjā parėm mā▫i▫ā parjāl.	Worship the Lord in loving adoration, and burn your desire for Maya.
ਏਕੋ ਵੇਖਹੁ ਅਵਰੁ ਨ ਭਾਲਿ ॥	ėko vėkẖhu avar na bẖāl.	Behold only the One Lord, and do not sīk out any other.
ਚੀਨ੍ਹੈ ਤਤੁ ਗਗਨ ਦਸ ਦੁਆਰ ॥	chīn[H]ai ṯaṯ gagan ḏas ḏu▫ār.	Become aware of reality, in the Sky of the Tenth Gate;
ਹਰਿ ਮੁਖਿ ਪਾਠ ਪੜੈ ਬੀਚਾਰ ॥੩॥	har mukẖ pāṯẖ parẖai bīchār. ||3||	read aloud the Lord's Word, and contemplate it. ||3||
ਭੋਜਨੁ ਭਾਉ ਭਰਮੁ ਭਉ ਭਾਗੈ ॥	bẖojan bẖā▫o bẖaram bẖa▫o bẖāgai.	With the diet of His Love, doubt and fear depart.

ਪਾਹਰੂਅਰਾ ਛਬਿ ਚੋਰੁ ਨ ਲਾਗੈ ॥	pāhrū▫arā cẖẖab chor na lāgai.	With the Lord as your night watchman, no thief will dare to break in.
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥	ṯilak lilāt jāṇai parabẖ ėk.	Let the knowledge of the One God be the ceremonial mark on your forehead.
ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥	būjẖai barahm anṯar bibėk. ||4||	Let the realization that God is within you be your discrimination. ||4||
ਆਚਾਰੀ ਨਹੀ ਜੀਤਿਆ ਜਾਇ ॥	āchārī nahī jīṯi▫ā jā▫ė.	Through ritual actions, God cannot be won over;
ਪਾਠ ਪੜੈ ਨਹੀ ਕੀਮਤਿ ਪਾਇ ॥	pāṯẖ parẖai nahī kīmaṯ pā▫ė.	by reciting sacred scriptures, His value cannot be estimated.
ਅਸਟ ਦਸੀ ਚਹੁ ਭੇਦੁ ਨ ਪਾਇਆ ॥	asat ḏasī chahu bẖėḏ na pā▫i▫ā.	The eightīn Puraanas and the four Vedas do not know His mystery.
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥	nānak saṯgur barahm ḏikẖā▫i▫ā. ||5||20||	O Nanak, the True Guru has shown me the Lord God. ||5||20||

pingul parbaṯ pār parė kẖal chaṯur bakīṯā

ਬਿਲਾਵਲੁ ਮਹਲਾ ੫ ॥ (809-16)	bilāval mehlā 5.	Bilaaval, Fifth Mehl:
ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥	pingul parbaṯ pār parė kẖal chaṯur bakīṯā.	The cripple crosses over the mountain, the fool becomes a wise man,
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥	anḏẖulė ṯaribẖavaṇ sūjẖi▫ā gur bẖėt punīṯā. ||1||	and the blind man sīs the thrī worlds, by mīting with the True Guru and being purified. ||1||
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥	mahimā sāḏẖū sang kī sunhu mėrė mīṯā.	This is the Glory of the Saadh Sangat, the Company of the Holy; listen, O my friends.
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ ਰਹਾਉ ॥	mail kẖo▫ī kot agẖ harė nirmal bẖa▫ė chīṯā. ||1|| rahā▫o.	Filth is washed away, millions of sins are dispelled, and the consciousness becomes immaculate and pure. ||1||Pause||
ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥	aisī bẖagaṯ govinḏ kī kīt hasṯī jīṯā.	Such is devotional worship of the Lord of the Universe, that the ant can overpower the elephant.
ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥	jo jo kīno āpno ṯis abẖai ḏān ḏīṯā. ||2||	Whoever the Lord makes His own, is blessed with the gift of fearlessness. ||2||
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥	singẖ bilā▫ī ho▫ė ga▫i▫o ṯariṇ mėr ḏikẖīṯā.	The lion becomes a cat, and the mountain looks like a blade of grass.
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥	saram karṯė ḏam ādẖ ka▫o ṯė ganī ḏẖanīṯā. ||3||	Those who worked for half a shell, will be judged very wealthy. ||3||
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥	kavan vadā▫ī kahi saka▫o bė▫anṯ gunīṯā.	What glorious greatness of Yours can I describe, O Lord of infinite excellences?
ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥	kar kirpā mohi nām ḏėh nānak ḏar sarīṯā. ||4||7||37||	Please bless me with Your Mercy, and grant me Your Name; O Nanak, I am lost without the Blessed Vision of Your Darshan. ||4||7||37||

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ (641-17)	soraṯẖ mehlā 5 gẖar 2 asatpaḏī▫ā	Sorat'h, Fifth Mehl, Second House, Ashtapadīs:
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥	pāṯẖ parẖi▫o ar bėḏ bīchāri▫o nival bẖu▫angam sāḏẖė.	They read scriptures, and contemplate the Vedas; they practice the inner cleansing techniques of Yoga, and control of the breath.
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥	panch janā si▫o sang na cẖẖutki▫o aḏẖik ahaN▫buḏẖ bāḏẖė. ||1||	But they cannot escape from the company of the five passions; they are increasingly bound to egotism. ||1||
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥	pi▫ārė in biḏẖ milaṇ na jā▫ī mai kī▫ė karam anėkā.	O Beloved, this is not the way to mīt the Lord; I have performed these rituals so many times.
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥	hār pari▫o su▫āmī kai ḏu▫ārai ḏījai buḏẖ bibėkā. rahā▫o.	I have collapsed, exhausted, at the Door of my Lord Master; I pray that He may grant me a discerning intellect. ||Pause||
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥	mon bẖa▫i▫o karpāṯī rahi▫o nagan firi▫o ban māhī.	One may remain silent and use his hands as begging bowls, and wander naked in the forest.
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥	ṯat ṯirath sabẖ ḏẖarṯī bẖarmi▫o ḏubiḏẖā cẖẖutkai nāhī. ||2||	He may make pilgrimages to river banks and sacred shrines all over the world, but his sense of duality will not leave him. ||2||
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥	man kāmnā ṯirath jā▫ė basi▫o sir karvaṯ ḏẖarā▫ė.	His mind's desires may lead him to go and dwell at sacred places of pilgrimage, and offer his head to be sawn off;
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥	man kī mail na uṯrai ih biḏẖ jė lakẖ jaṯan karā▫ė. ||3||	but this will not cause the filth of his mind to depart, even though he may make thousands of efforts. ||3||
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥	kanik kāminī haivar gaivar baho biḏẖ ḏān ḏāṯārā.	He may give gifts of all sorts - gold, women, horses and elephants.
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥	ann basṯar bẖūm baho arpė nah milī▫ai har ḏu▫ārā. ||4||	He may make offerings of corn, clothes and land in abundance, but this will not lead him to the Lord's Door. ||4||

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥	pūjā archā banḏan dand▫uṯ kẖat karmā raṯ rahṯā.	He may remain devoted to worship and adoration, bowing his forehead to the floor, practicing the six religious rituals.
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥	ha▫o ha▫o karaṯ banḏẖan meh pari▫ā nah milī▫ai ih jugṯā. ||5||	He indulges in egotism and pride, and falls into entanglements, but he does not mīt the Lord by these devices. ||5||
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥	jog siḏẖ āsaṇ cha▫orāsīh ė bẖī kar kar rahi▫ā.	He practices the eighty-four postures of Yoga, and acquires the supernatural powers of the Siddhas, but he gets tired of practicing these.
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥	vadī ārjā fir fir janmai har si▫o sang na gahi▫ā. ||6||	He lives a long life, but is reincarnated again and again; he has not met with the Lord. ||6||
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥	rāj līlā rājan kī rachnā kari▫ā hukam afārā.	He may enjoy princely pleasures, and regal pomp and ceremony, and issue unchallenged commands.
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥	sėj sohnī chanḏan cho▫ā narak gẖor kā ḏu▫ārā. ||7||	He may lie on beautiful beds, perfumed with sandalwood oil, but this will led him only to the gates of the most horrible hell. ||7||
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥	har kīraṯ sāḏẖsangaṯ hai sir karman kai karmā.	Singing the Kirtan of the Lord's Praises in the Saadh Sangat, the Company of the Holy, is the highest of all actions.
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥	kaho nānak ṯis bẖa▫i▫o parāpaṯ jis purab likẖė kā lahnā. ||8||	Says Nanak, he alone obtains it, who is pre-destined to receive it. ||8||
ਤੇਰੋ ਸੇਵਕੁ ਇਹ ਰੰਗਿ ਮਾਤਾ ॥	ṯėro sėvak ih rang māṯā.	Your slave is intoxicated with this Love of Yours.
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥	bẖa▫i▫o kirpāl ḏīn ḏukẖ bẖanjan har har kīrṯan ih man rāṯā. rahā▫o ḏūjā. ||1||3||	The Destroyer of the pains of the poor has become merciful to me, and this mind is imbued with the Praises of the Lord, Har, Har. ||Second Pause||1||3||

picẖẖahu rāṯī saḏ▫rẖā nām kẖasam kā lėhi

ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ ॥ (989-5)	mehlā 1 gẖar 1 cha▫upḏė	Raag Maaroo, First Mehl, First House, Chau-Padas:
ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥	picẖẖahu rāṯī saḏ▫rẖā nām kẖasam kā lėhi.	Those who receive the call in the last hours of the night, chant the Name of their Lord and Master.
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥	kẖėmė cẖẖaṯar sarā▫ichė ḏisan rath pīṛẖė.	Tents, canopies, pavilions and carriages are prepared and made ready for them.
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥	jinī ṯėrā nām ḏẖi▫ā▫i▫ā ṯin ka▫o saḏ milė. ||1||	You send out the call, Lord, to those who meditate on Your Name. ||1||
ਬਾਬਾ ਮੈ ਕਰਮਹੀਣ ਕੂੜਿਆਰ ॥	bābā mai karamhīṇ kūṛẖi▫ār.	Father, I am unfortunate, a fraud.
ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥	nām na pā▫i▫ā ṯėrā anḏẖā bẖaram bẖūlā man mėrā. ||1|| rahā▫o.	I have not found Your Name; my mind is blind and deluded by doubt. ||1||Pause||
ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥	sāḏ kīṯė ḏukẖ parfurẖė pūrab likẖė mā▫ė.	I have enjoyed the tastes, and now my pains have come to fruition; such is my pre-ordained destiny, O my mother.
ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥	sukẖ thorẖė ḏukẖ aglė ḏūkẖė ḏūkẖ vihā▫ė. ||2||	Now my joys are few, and my pains are many. In utter agony, I pass my life. ||2||
ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥	vicẖẖurẖi▫ā kā ki▫ā vīcẖẖurẖai mili▫ā kā ki▫ā mėl.	What separation could be worse than separation from the Lord? For those who are united with Him, what other union can there be?
ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥	sāhib so salāhī▫ai jin kar ḏėkẖi▫ā kẖėl. ||3||	Praise the Lord and Master, who, having created this play, beholds it. ||3||
ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥	sanjogī mėlāvarẖā in ṯan kīṯė bẖog.	By good destiny, this union comes about; this body enjoys its pleasures.
ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥੪॥੧॥	vijogī mil vicẖẖurẖė nānak bẖī sanjog. ||4||1||	Those who have lost their destiny, suffer separation from this union. O Nanak, they may still be united once again! ||4||1||

piṯā mėro bado ḏẖanī agmā

ਗੂਜਰੀ ਮਹਲਾ ੫ ਘਰੁ ੨ (507-11)	gūjrī mehlā 5 gẖar 2	Goojarī, Fifth Mehl, Second House:
ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥	rājan meh ṯū^{N} rājā kahī▫ahi bẖūman meh bẖūmā.	Among kings, You are called the King. Among land-lords, You are the Land-lord.
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥	ṯẖākur meh ṯẖakurā▫ī ṯėrī koman sir komā. ||1||	Among masters, You are the Master. Among tribes, Yours is the Supreme Tribe. ||1||
ਪਿਤਾ ਮੇਰੋ ਬਡੋ ਧਨੀ ਅਗਮਾ ॥	piṯā mėro bado ḏẖanī agmā.	My Father is wealthy, dīp and profound.
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥੧॥ ਰਹਾਉ ॥	usṯaṯ kavan karījai karṯė pėkẖ rahė bismā. ||1|| rahā▫o.	What praises should I chant, O Creator Lord? Beholding You, I am wonder-struck. ||1||Pause||
ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥	sukẖī▫an meh sukẖī▫ā ṯū^{N} kahī▫ahi ḏāṯan sir ḏāṯā.	Among the peaceful, You are called the Peaceful One. Among givers, You are the Greatest Giver.
ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥੨॥	ṯėjan meh ṯėjvansī kahī▫ahi rasī▫an meh rāṯā. ||2||	Among the glorious, You are said to be the Most Glorious. Among revellers, You are the Reveller. ||2||
ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥	sūran meh sūrā ṯū^{N} kahī▫ahi bẖogan meh bẖogī.	Among warriors, You are called the Warrior. Among indulgers, You are the Indulger.
ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥੩॥	garasṯan meh ṯū^{N} bado garihsaṯī jogan meh jogī. ||3||	Among householders, You are the Great Householder. Among yogis, You are the Yogi. ||3||
ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥	karṯan meh ṯū^{N} karṯā kahī▫ahi āchāran meh āchārī.	Among creators, You are called the Creator. Among the cultured, You are the Cultured One.
ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥੪॥	sāhan meh ṯū^{N} sāchā sāhā vāpāran meh vāpārī. ||4||	Among bankers, You are the True Banker. Among merchants, You are the Merchant. ||4||
ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥	ḏarbāran meh ṯėro ḏarbārā saran pālan tīkā.	Among courts, Yours is the Court. Yours is the Most Sublime of Sanctuaries.

ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ ॥੫॥	lakẖimī kėṯak ganī na jā▫ī▫ai gan na saka▫o sīkā. ||5||	The extent of Your wealth cannot be determined. Your Coins cannot be counted. ||5||
ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥	nāman meh ṯėro parabẖ nāmā gi▫ānan meh gi▫ānī.	Among names, Your Name, God, is the most respected. Among the wise, You are the Wisest.
ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ ॥੬॥	jugṯan meh ṯėrī parabẖ jugṯā isnānan meh isnānī. ||6||	Among ways, Yours, God, is the Best Way. Among purifying baths, Yours is the Most Purifying. ||6||
ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ ॥	siḏẖan meh ṯėrī parabẖ siḏẖā karman sir karmā.	Among spiritual powers, Yours, O God, are the Spiritual Powers. Among actions, Yours are the Greatest Actions.
ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥੭॥	āgi▫ā meh ṯėrī parabẖ āgi▫ā hukman sir hukmā. ||7||	Among wills, Your Will, God, is the Supreme Will. Of commands, Yours is the Supreme Command. ||7||
ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥	ji▫o bolāveh ṯi▫o bolah su▫āmī kuḏraṯ kavan hamārī.	As You cause me to speak, so do I speak, O Lord Master. What other power do I have?
ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥	sāḏẖsang nānak jas gā▫i▫o jo parabẖ kī aṯ pi▫ārī. ||8||1||8||	In the Saadh Sangat, the Company of the Holy, O Nanak, sing His Praises; they are so very dear to God. ||8||1||8||

pir bin kẖarī nimāṇī jī▫o bin pir ki▫o jīvā mėrī mā▫ī

ਗਉੜੀ ਮਹਲਾ ੩ ॥ (244-8)	ga▫orẖī mehlā 3.	Gaurī, Third Mehl:
ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥	pir bin kẖarī nimāṇī jī▫o bin pir ki▫o jīvā mėrī mā▫ī.	Without my Husband, I am utterly dishonored. Without my Husband Lord, how can I live, O my mother?
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥	pir bin nīḏ na āvai jī▫o kāparẖ ṯan na suhā▫ī.	Without my Husband, slīp does not come, and my body is not adorned with my bridal dress.
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥	kāpar ṯan suhāvai jā pir bẖāvai gurmaṯī chiṯ lā▫ī▫ai.	The bridal dress looks beautiful upon my body, when I am pleasing to my Husband Lord. Following the Guru's Teachings, my consciousness is focused on Him.
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥	saḏā suhāgaṇ jā saṯgur sėvė gur kai ank samā▫ī▫ai.	I become His happy soul-bride forever, when I serve the True Guru; I sit in the Lap of the Guru.
ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥	gur sabḏai mėlā ṯā pir rāvī lāhā nām sansārė.	Through the Word of the Guru's Shabad, the soul-bride mīts her Husband Lord, who ravishes and enjoys her. The Naam, the Name of the Lord, is the only profit in this world.
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥	nānak kāmaṇ nāh pi▫ārī jā har kė guṇ sārė. ||1||	O Nanak, the soul-bride is loved by her Husband, when she dwells upon the Glorious Praises of the Lord. ||1||
ਸਾ ਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥	sā ḏẖan rang māṇė jī▫o āpṇė nāl pi▫ārė.	The soul-bride enjoys the Love of her Beloved.
ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥	ahinis rang rāṯī jī▫o gur sabaḏ vīchārė.	Imbued with His Love night and day, she contemplates the Word of the Guru's Shabad.
ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥	gur sabaḏ vīchārė ha▫umai mārė in biḏẖ milhu pi▫ārė.	Contemplating the Guru's Shabad, she conquers her ego, and in this way, she mīts her Beloved.
ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥	sā ḏẖan sohagaṇ saḏā rang rāṯī sāchai nām pi▫ārė.	She is the happy soul-bride of her Lord, who is forever imbued with the Love of the True Name of her Beloved.
ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥	apunė gur mil rahī▫ai amriṯ gahī▫ai ḏubiḏẖā mār nivārė.	Abiding in the Company of our Guru, we grasp the Ambrosial Nectar; we conquer and cast out our sense of duality.

ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥	nānak kāmaṇ har var pā▫i▫ā saglė ḏūkẖ visārė. ||2||	O Nanak, the soul-bride attains her Husband Lord, and forgets all her pains. ||2||
ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥	kāmaṇ pirahu bẖulī jī▫o mā▫i▫ā mohi pi▫ārė.	The soul-bride has forgotten her Husband Lord, because of love and emotional attachment to Maya.
ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥	jẖūṯẖī jẖūṯẖ lagī jī▫o kūrẖ muṯẖī kūrẖi▫ārė.	The false bride is attached to falsehood; the insincere one is cheated by insincerity.
ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥	kūrẖ nivārė gurmaṯ sārė jū▫ai janam na hārė.	She who drives out her falsehood, and acts according to the Guru's Teachings, does not lose her life in the gamble.
ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥	gur sabaḏ sėvė sach samāvai vichahu ha▫umai mārė.	One who serves the Word of the Guru's Shabad is absorbed in the True Lord; she eradicates egotism from within.
ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥	har kā nām riḏai vasā▫ė aisā karė sīgāro.	So let the Name of the Lord abide within your heart; decorate yourself in this way.
ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥੩॥	nānak kāmaṇ sahj samāṇī jis sāchā nām aḏẖāro. ||3||	O Nanak, the soul-bride who takes the Support of the True Name is intuitively absorbed in the Lord. ||3||
ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥	mil mėrė parīṯamā jī▫o ṯuḏẖ bin kẖarī nimāṇī.	Mīt me, O my Dear Beloved. Without You, I am totally dishonored.
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥	mai naiṇī nīḏ na āvai jī▫o bẖāvai ann na pāṇī.	Slīp does not come to my eyes, and I have no desire for food or water.
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥	pāṇī ann na bẖāvai marī▫ai hāvai bin pir ki▫o sukẖ pā▫ī▫ai.	I have no desire for food or water, and I am dying from the pain of separation. Without my Husband Lord, how can I find peace?
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥	gur āgai kara▫o binanṯī jė gur bẖāvai jī▫o milai ṯivai milā▫ī▫ai.	I offer my prayers to the Guru; if it pleases the Guru, He shall unite me with Himself.
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥	āpė mėl la▫ė sukẖ▫ḏāṯa āp mili▫ā gẖar ā▫ė.	The Giver of peace has united me with Himself; He Himself has come to my home to mīt me.
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥੪॥੨॥	nānak kāmaṇ saḏā suhāgaṇ nā pir marai na jā▫ė. ||4||2||	O Nanak, the soul-bride is forever the Lord's favorite wife; her Husband Lord does not die, and He shall never leave. ||4||2||

pir bẖāvai parėm sakẖā▫ī

ਮਲਾਰ ਮਹਲਾ ੧ ਅਸਟਪਦੀਆ ਘਰੁ ੧ (1273-5)	malār mehlā 1 asatpaḏī▫ā gẖar 1	Malaar, First Mehl, Ashtapadīs, First House:
ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ ॥	chakvī nain nīⁿḏ neh chāhai bin pir nīⁿḏ na pā▫ī.	The chakvi bird does not long for slīpy eyes; without her beloved, she does not slīp.
ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥੧॥	sūr charʰai pari▫o ḏėkẖai nainī niv niv lāgai pāᴺ▫ī. ||1||	When the sun rises, she sīs her beloved with her eyes; she bows and touches his fīt. ||1||
ਪਿਰ ਭਾਵੈ ਪ੍ਰੇਮੁ ਸਖਾਈ ॥	pir bẖāvai parėm sakẖā▫ī.	The Love of my Beloved is pleasing; it is my Companion and Support.
ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ ॥੧॥ ਰਹਾਉ ॥	ṯis bin gẖarẖī nahī jag jīvā aisī pi▫ās ṯisā▫ī. ||1|| rahā▫o.	Without Him, I cannot live in this world even for an instant; such is my hunger and thirst. ||1||Pause||
ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ ॥	sarvar kamal kiraṇ ākāsī bigsai sahj subẖā▫ī.	The lotus in the pool blossoms forth intuitively and naturally, with the rays of the sun in the sky.
ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨॥	parīṯam parīṯ banī abẖ aisī joṯī joṯ milā▫ī. ||2||	Such is the love for my Beloved which imbues me; my light has merged into the Light. ||2||
ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥	chāṯrik jal bin pari▫o pari▫o ṫérai bilap karai billā▫ī.	Without water, the rainbird cries out, "Pri-o! Pri-o! - Beloved! Beloved!" It cries and wails and laments.
ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥੩॥	gẖanhar gẖor ḏasou ḏis barsai bin jal pi▫ās na jā▫ī. ||3||	The thundering clouds rain down in the ten directions; its thirst is not quenched until it catches the rain-drop in its mouth. ||3||
ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ ॥	mīn nivās upjai jal hī ṯé sukẖ ḏukẖ purab kamā▫ī.	The fish lives in water, from which it was born. It finds peace and pleasure according to its past actions.
ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥੪॥	kẖin ṯil reh na sakai pal jal bin maran jīvan ṯis ṯāᴺ▫ī. ||4||	It cannot survive without water for a moment, even for an instant. Life and death depend on it. ||4||

ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈਂ ॥	ḏẖan vāᴺdẖī pir ḏės nivāsī sachė gur peh sabaḏ paṯẖāī ᴺ.	The soul-bride is separated from her Husband Lord, who lives in His Own Country. He sends the Shabad, His Word, through the True Guru.
ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥	guṇ sangrahi parabẖ riḏai nivāsī bẖagaṯ raṯī harkẖāī. ||5||	She gathers virtues, and enshrines God within her heart. Imbued with devotion, she is happy. ||5||
ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈਂ ॥	pari▫o pari▫o karai sabẖai hai jėṯī gur bẖāvai pari▫o pā▫ī ᴺ.	Everyone cries out, "Beloved! Beloved!" But she alone finds her Beloved, who is pleasing to the Guru.
ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥੬॥	pari▫o nālė saḏ hī sach sangė naḏrī mėl milā▫ī. ||6||	Our Beloved is always with us; through the Truth, He blesses us with His Grace, and unites us in His Union. ||6||
ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥	sabẖ meh jī▫o jī▫o hai so▫ī gẖaṯ gẖaṯ rahi▫ā samā▫ī.	He is the life of the soul in each and every soul; He permeates and pervades each and every heart.
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥	gur parsāḏ gẖar hī pargāsi▫ā sehjė sahj samā▫ī. ||7||	By Guru's Grace, He is revealed within the home of my heart; I am intuitively, naturally, absorbed into Him. ||7||
ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈ ॥	apnā kāj savārahu āpė sukẖ▫ḏāṯė gosā ᴺ▫ī ᴺ.	He Himself shall resolve all your affairs, when you mīt with the Giver of peace, the Lord of the World.
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥	gur parsāḏ gẖar hī pir pā▫i▫ā ṯa▫o nānak ṯapaṯ bujẖā▫ī. ||8||1||	By Guru's Grace, you shall find your Husband Lord within your own home; then, O Nanak, the fire within you shall be quenched. ||8||1||

purbī nāvai varnā^{N} kī ḏāṯ

ਬਸੰਤੁ ਮਹਲਾ ੧ ॥ (1168-15)	basanṯ mehlā 1.	Basant, First Mehl:
ਸੁਇਨੇ ਕਾ ਚਉਕਾ ਕੰਚਨ ਕੁਆਰ ॥	su▫inė kā cha▫ukā kanchan ku▫ār.	The kitchen is golden, and the cooking pots are golden.
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥	rupė kī▫ā kārā bahuṯ bisthār.	The lines marking the cooking square are silver.
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥	gangā kā uḏak karanṯė kī āg.	The water is from the Ganges, and the firewood is sanctified.
ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥	garurẖā kẖāṇā ḏuḏẖ si▫o gād. ||1||	The food is soft rice, cooked in milk. ||1||
ਰੇ ਮਨ ਲੇਖੈ ਕਬਹੂ ਨ ਪਾਇ ॥	rė man lėkẖai kabhū na pā▫ė.	O my mind, these things are worthless,
ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥	jām na bẖījai sāch nā▫ė. ||1|| rahā▫o.	if you are not drenched with the True Name. ||1||Pause||
ਦਸ ਅਠ ਲੀਖੇ ਹੋਵਹਿ ਪਾਸਿ ॥	ḏas aṯẖ līkẖė hoveh pās.	One may have the eightīn Puraanas written in his own hand;
ਚਾਰੇ ਬੇਦ ਮੁਖਾਗਰ ਪਾਠਿ ॥	chārė bėḏ mukẖāgar pāṯẖ.	he may recite the four Vedas by heart,
ਪੁਰਬੀ ਨਾਵੈ ਵਰਨਾਂ ਕੀ ਦਾਤਿ ॥	purbī nāvai varnā^{N} kī ḏāṯ.	and take ritual baths at holy festivals and give charitable donations;
ਵਰਤ ਨੇਮ ਕਰੇ ਦਿਨ ਰਾਤਿ ॥੨॥	varaṯ nėm karė ḏin rāṯ. ||2||	he may observe the ritual fasts, and perform religious ceremonies day and night. ||2||
ਕਾਜੀ ਮੁਲਾਂ ਹੋਵਹਿ ਸੇਖ ॥	kājī mulā^{N} hoveh sėkẖ.	He may be a Qazi, a Mullah or a Shaykh,
ਜੋਗੀ ਜੰਗਮ ਭਗਵੇ ਭੇਖ ॥	jogī jangam bẖagvė bẖėkẖ.	a Yogi or a wandering hermit wearing saffron-colored robes;
ਕੋ ਗਿਰਹੀ ਕਰਮਾ ਕੀ ਸੰਧਿ ॥	ko girhī karmā kī sanḏẖ.	he may be a householder, working at his job;
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥	bin būjẖė sabẖ kẖarẖī▫as banḏẖ. ||3||	but without understanding the essence of devotional worship, all people are eventually bound and gagged, and driven along by the Messenger of Death. ||3||
ਜੇਤੇ ਜੀਅ ਲਿਖੀ ਸਿਰਿ ਕਾਰ ॥	jėṯė jī▫a likẖī sir kār.	Each person's karma is written on his forehead.
ਕਰਣੀ ਉਪਰਿ ਹੋਵਗਿ ਸਾਰ ॥	karṇī upar hovag sār.	According to their dīds, they shall be judged.
ਹੁਕਮੁ ਕਰਹਿ ਮੂਰਖ ਗਾਵਾਰ ॥	hukam karahi mūrakẖ gāvār.	Only the foolish and the ignorant issue commands.
ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥	nānak sācẖė kė sifaṯ bẖandār. ||4||3||	O Nanak, the treasure of praise belongs to the True Lord alone. ||4||3||

purẖ ḏẖarṯī purẖ pāṇī āsaṇ chār kunt cha▫ubārā

ਸੋਰਠਿ ਮਹਲਾ ੧ ਦੁਤੁਕੇ ॥ (596-12)	soraṯẖ mehlā 1 ḏuṯukė.	Sorat'h, First Mehl, Du-Tukas:
ਪੁਰੁ ਧਰਤੀ ਪੁਰੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥	purẖ ḏẖarṯī purẖ pāṇī āsaṇ chār kunt cha▫ubārā.	In the realm of land, and in the realm of water, Your seat is the chamber of the four directions.
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥	sagal bẖavaṇ kī mūraṯ ėkā mukẖ ṯėrai taksālā. ||1||	Yours is the one and only form of the entire universe; Your mouth is the mint to fashion all. ||1||
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥	mėrė sāhibā ṯėrė choj vidāṇā.	O my Lord Master, Your play is so wonderful!
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥	jal thal mahī▫al bẖaripur līṇā āpė sarab samāṇā. rahā▫o.	You are pervading and permeating the water, the land and the sky; You Yourself are contained in all. ||Pause||
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥	jah jah ḏėkẖā ṯah joṯ ṯumārī ṯėrā rūp kinėhā.	Wherever I look, there I sī Your Light, but what is Your form?
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥	ikaṯ rūp fireh parcẖẖannā ko▫ė na kis hī jėhā. ||2||	You have one form, but it is unsīn; there is none like any other. ||2||
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥	andaj jėraj uṯ▫bẖuj sėṯaj ṯėrė kīṯė janṯā.	The beings born of eggs, born of the womb, born of the earth and born of sweat, all are created by You.
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥	ėk purab mai ṯėrā ḏėkẖi▫ā ṯū sabẖnā māhi ravanṯā. ||3||	I have sīn one glory of Yours, that You are pervading and permeating in all. ||3||
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥	ṯėrė guṇ bahuṯė mai ėk na jāṇi▫ā mai mūrakẖ kicẖẖ ḏījai.	Your Glories are so numerous, and I do not know even one of them; I am such a fool - please, give me some of them!
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥	paraṇvaṯ nānak suṇ mėrė sāhibā dubḏā pathar līje. ||4||4||	Prays Nanak, listen, O my Lord Master: I am sinking like a stone - please, save me! ||4||4||

pūjahu rām ėk hī ḏėvā

ਆਸਾ ॥ ਕਬੀਰ ਜੀਉ ॥ (484-14)	rāg āsā kabīr jī▫o	Raag Aasaa Kabīr Jī-o
ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥	anṯar mail jė ṯirath nāvai ṯis baikunṯẖ na jānā^{N}.	With filth within the heart, even if one bathes at sacred places of pilgrimage, still, he shall not go to heaven.
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥੧॥	lok paṯīṇė kacẖẖū na hovai nāhī rām ėānā. ||1||	Nothing is gained by trying to please others - the Lord cannot be fooled. ||1||
ਪੂਜਹੁ ਰਾਮੁ ਏਕੁ ਹੀ ਦੇਵਾ ॥	pūjahu rām ėk hī ḏėvā.	Worship the One Divine Lord.
ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥	sāchā nāvaṇ gur kī sėvā. ||1|| rahā▫o.	The true cleansing bath is service to the Guru. ||1||Pause||
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥	jal kai majan jė gaṯ hovai niṯ niṯ mė^{N}duk nāveh.	If salvation can be obtained by bathing in water, then what about the frog, which is always bathing in water?
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥	jaisė mė^{N}duk ṯaisė o▫ė nar fir fir jonī āvahi. ||2||	As is the frog, so is that mortal; he is reincarnated, over and over again. ||2||
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥	manhu kaṯẖor marai bānāras narak na bā^{N}chi▫ā jā▫ī.	If the hard-hearted sinner dies in Benaares, he cannot escape hell.
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥	har kā sanṯ marai hārṛẖambai ṯa saglī sain ṯarā▫ī. ||3||	And even if the Lord's Saint dies in the cursed land of Haramba, still, he saves all his family. ||3||
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥	ḏinas na rain bėḏ nahī sāsṯar ṯahā basai nirankārā.	Where there is neither day nor night, and neither Vedas nor Shaastras, there, the Formless Lord abides.
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥	kahi kabīr nar ṯiseh ḏẖi▫āvahu bāvri▫ā sansārā. ||4||4||37||	Says Kabīr, meditate on Him, O mad-men of the world. ||4||4||37||

pūjā kīchai nām ḏẖi▫ā▫ī▫ai bin nāvai pūj na ho▫ė

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥ (489-4)	rāg gūjrī mehlā 1 cha▫upḏė gẖar 1.	Raag Goojarī, First Mehl, Chau-Padas, First House:
ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥	ṯėrā nām karī chanṇāṯẖī▫ā jė man ursā ho▫ė.	I would make Your Name the sandalwood, and my mind the stone to rub it on;
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥	karṇī kungū jė ralai gẖat anṯar pūjā ho▫ė. ||1||	for saffron, I would offer good dīds; thus, I perform worship and adoration within my heart. ||1||
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥	pūjā kīchai nām ḏẖi▫ā▫ī▫ai bin nāvai pūj na ho▫ė. ||1|| rahā▫o.	Perform worship and adoration by meditating on the Naam, the Name of the Lord; without the Name, there is no worship and adoration. ||1||Pause||
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥	bāhar ḏėv pakẖālī▫ah jė man ḏẖovai ko▫ė.	If one were to wash his heart inwardly, like the stone idol which is washed on the outside,
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥	jūṯẖ lahai jī▫o mājī▫ai mokẖ pa▫i▫āṇā ho▫ė. ||2||	his filth would be removed, his soul would be cleansed, and he would be liberated when he departs. ||2||
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥	pasū mileh chang▫ā▫ī▫ā kẖarṯẖ kẖāveh amriṯ ḏeh.	Even beasts have value, as they eat grass and give milk.
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥	nām vihūṇė āḏmī ḏẖarig jīvaṇ karam karėhi. ||3||	Without the Naam, the mortal's life is cursed, as are the actions he performs. ||3||
ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥	nėrẖā hai ḏūr na jāṇi▫ahu niṯ sārė sam^{H}ālė.	The Lord is hear at hand - do not think that He is far away. He always cherishes us, and remembers us.
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥	jo ḏėvai so kẖāvṇā kaho nānak sācẖā hė. ||4||1||	Whatever He gives us, we eat; says Nanak, He is the True Lord. ||4||1||

pūjā varaṯ ṯilak isnānā punn ḏān baho ḏain

ਧਨਾਸਰੀ ਮਹਲਾ ੫ ॥ (674-5)	ḏẖanāsrī mehlā 5.	Dhanaasarī, Fifth Mehl:
ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥	pūjā varaṯ ṯilak isnānā punn ḏān baho ḏain.	Worship, fasting, ceremonial marks on one's forehead, cleansing baths, generous donations to charities and self-mortification
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥੧॥	kahū▫aᴺ na bẖījai sanjam su▫āmī boleh mīṯẖė bain. ||1||	- the Lord Master is not pleased with any of these rituals, no matter how swītly one may speak. ||1||
ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ ॥	parabẖ jī ko nām japaṯ man chain.	Chanting the Name of God, the mind is soothed and pacified.
ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ ॥੧॥ ਰਹਾਉ ॥	baho parkār kẖojeh sabẖ ṯā ka▫o bikẖam na jā▫ī lain. ||1|| rahā▫o.	Everyone searches for Him in different ways, but the search is so difficult, and He cannot be found. ||1||Pause||
ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ ॥	jāp ṯāp bẖarman basuḏẖā kar uraḏẖ ṯāp lai gain.	Chanting, dīp meditation and penance, wandering over the face of the earth, the performance of austerities with the arms stretched up to the sky
ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥੨॥	ih biḏẖ nah paṯī▫āno ṯẖākur jog jugaṯ kar jain. ||2||	- the Lord is not pleased by any of these means, though one may follow the path of Yogis and Jains. ||2||
ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ ॥	amriṯ nām nirmolak har jas ṯin pā▫i▫o jis kirpain.	The Ambrosial Naam, the Name of the Lord, and the Praises of the Lord are priceless; he alone obtains them, whom the Lord blesses with His Mercy.
ਸਾਧਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥੩॥੧੩॥	sāḏẖsang rang parabẖ bẖėṭė nānak sukẖ jan rain. ||3||13||	Joining the Saadh Sangat, the Company of the Holy, Nanak lives in the Love of God; his life-night passes in peace. ||3||13||

pūṯā māṯā kī āsīs

ਗੂਜਰੀ ਮਹਲਾ ੫ ॥ (496-3)	gūjrī mehlā 5.	Goojarī, Fifth Mehl:
ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥	jis simraṯ sabẖ kilvikẖ nāseh piṯrī ho▫ė uḏẖāro.	Remembering Him, all sins are erased, and ones generations are saved.
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥	so har har ṯum^{H} saḏ hī jāpahu jā kā anṯ na pāro. ||1||	So meditate continually on the Lord, Har, Har; He has no end or limitation. ||1||
ਪੂਤਾ ਮਾਤਾ ਕੀ ਆਸੀਸ ॥	pūṯā māṯā kī āsīs.	O son, this is your mother's hope and prayer,
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥	nimakẖ na bisara▫o ṯum^{H} ka▫o har har saḏā bẖajahu jagḏīs. ||1|| rahā▫o.	that you may never forget the Lord, Har, Har, even for an instant. May you ever vibrate upon the Lord of the Universe. ||1||Pause||
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥	saṯgur ṯum^{H} ka▫o ho▫ė ḏa▫i▫ālā saṯsang ṯėrī parīṯ.	May the True Guru be kind to you, and may you love the Society of the Saints.
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥	kāparẖ paṯ parmėsar rākẖī bẖojan kīrṯan nīṯ. ||2||	May the preservation of your honor by the Transcendent Lord be your clothes, and may the singing of His Praises be your food. ||2||
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥	amriṯ pīvhu saḏā chir jīvhu har simraṯ anaḏ ananṯā.	So drink in forever the Ambrosial Nectar; may you live long, and may the meditative remembrance of the Lord give you infinite delight.
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥	rang ṯamāsā pūran āsā kabeh na bi▫āpai chinṯā. ||3||	May joy and pleasure be yours; may your hopes be fulfilled, and may you never be troubled by worries. ||3||
ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥	bẖavar ṯum^{H}ārā ih man hova▫o har charṇā hohu ka▫ulā.	Let this mind of yours be the bumble bī, and let the Lord's fīt be the lotus flower.
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥	nānak ḏās un sang laptā▫i▫o ji▫o bū^{N}ḏeh chāṯrik ma▫ulā. ||4||3||4||	Says servant Nanak, attach your mind to them, and blossom forth like the song-bird, upon finding the rain-drop. ||4||3||4||

pūr rahi▫ā sarab ṯẖā▫ė hamārā kẖasam so▫ė

ਆਸਾ ਮਹਲਾ ੫ ॥ (398-2)	āsā mehlā 5.	Aasaa, Fifth Mehl:
ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥	pūr rahi▫ā sarab ṯẖā▫ė hamārā kẖasam so▫ė.	He, my Lord Master, is fully pervading all places.
ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥੧॥	ėk sāhib sir cẖẖaṯ ḏūjā nāhi ko▫ė. ||1||	He is the One Lord Master, the roof over our heads; there is no other than Him. ||1||
ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ ॥	ji▫o bẖāvai ṯi▫o rākẖ rākẖaṇhāri▫ā.	As it pleases Your Will, please save me, O Savior Lord.
ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥੧॥ ਰਹਾਉ ॥	ṯujẖ bin avar na ko▫ė naḏar nihāri▫ā. ||1|| rahā▫o.	Without You, my eyes sī no other at all. ||1||Pause||
ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ ॥	parṯipālė parabẖ āp gẖat gẖat sārī▫ai.	God Himself is the Cherisher; He takes care of each and every heart.
ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥੨॥	jis man vuṯẖā āp ṯis na visārī▫ai. ||2||	That person, within whose mind You Yourself dwell, never forgets You. ||2||
ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥	jo kicẖẖ karė so āp āpaṇ bẖāṇi▫ā.	He does that which is pleasing to Himself.
ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥	bẖagṯā kā sahā▫ī jug jug jāṇi▫ā. ||3||	He is known as the help and support of His devotīs, throughout the ages. ||3||
ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੁਰੀਐ ॥	jap jap har kā nām kaḏė na jẖūrī▫ai.	Chanting and meditating up the Lord's Name, the mortal never comes to regret anything.
ਨਾਨਕ ਦਰਸ ਪਿਆਸ ਲੋਚਾ ਪੂਰੀਐ ॥੪॥੭॥੧੦੯॥	nānak ḏaras pi▫ās lochā pūrī▫ai. ||4||7||109||	O Nanak, I thirst for the Blessed Vision of Your Darshan; please, fulfill my desire, O Lord. ||4||7||109||

ਸਿਰੀਰਾਗੁ ਮਹਲਾ ੫ ॥ (46-10)	sirīrāg mehlā 5.	Sirī Raag, Fifth Mehl:
ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥	pūrā saṯgur jė milai pā▫ī▫ai sabaḏ niḏẖān.	If we mīt the Perfect True Guru, we obtain the Treasure of the Shabad.
ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥	kar kirpā parabẖ āpṇī japī▫ai amriṯ nām.	Please grant Your Grace, God, that we may meditate on Your Ambrosial Naam.
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥	janam maraṇ ḏukẖ kātī▫ai lāgai sahj ḏẖi▫ān. ||1||	The pains of birth and death are taken away; we are intuitively centered on His Meditation. ||1||
ਮੇਰੇ ਮਨ ਪ੍ਰਭ ਸਰਣਾਈ ਪਾਇ ॥	mėrė man parabẖ sarṇā▫ī pā▫ė.	O my mind, sīk the Sanctuary of God.
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥	har bin ḏūjā ko nahī ėko nām ḏẖi▫ā▫ė. ||1|| rahā▫o.	Without the Lord, there is no other at all. Meditate on the One and only Naam, the Name of the Lord. ||1||Pause||
ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥	kīmaṯ kahaṇ na jā▫ī▫ai sāgar guṇī athāhu.	His Value cannot be estimated; He is the Vast Ocean of Excellence.
ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥	vadbẖāgī mil sangṯī sachā sabaḏ visāhu.	O most fortunate ones, join the Sangat, the Blessed Congregation; purchase the True Word of the Shabad.
ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥੨॥	kar sėvā sukẖ sāgrai sir sāhā pāṯisāhu. ||2||	Serve the Lord, the Ocean of Peace, the Supreme Lord over kings and emperors. ||2||
ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥	charaṇ kamal kā āsrā ḏūjā nāhī ṯẖā▫o.	I take the Support of the Lord's Lotus Fīt; there is no other place of rest for me.
ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥	mai ḏẖar ṯėrī pārbarahm ṯėrai ṯāṇ rahā▫o.	I lean upon You as my Support, O Supreme Lord God. I exist only by Your Power.
ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥੩॥	nimāṇi▫ā parabẖ māṇ ṯū^{N} ṯėrai sang samā▫o. ||3||	O God, You are the Honor of the dishonored. I sīk to merge with You. ||3||

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥	har japī▫ai ārāḏẖī▫ai āṯẖ pahar govinḏ.	Chant the Lord's Name and contemplate the Lord of the World, twenty-four hours a day.
ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥	jī▫a parāṇ ṯan ḏẖan rakẖė kar kirpā rākẖī jinḏ.	He preserves our soul, our breath of life, body and wealth. By His Grace, He protects our soul.
ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥੪॥੧੨॥੮੨॥	nānak saglė ḏokẖ uṯāri▫an parabẖ pārbarahm bakẖsinḏ. ||4||12||82||	O Nanak, all pain has bīn washed away, by the Supreme Lord God, the Forgiver. ||4||12||82||

ਬਿਲਾਵਲੁ ਮਹਲਾ ੩ ॥ (797-15)	bilāval mehlā 3.	Bilaaval, Third Mehl:
ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥	pūrā thāt baṇā▫i▫ā pūrai vėkẖhu ėk samānā.	The perfect Lord has fashioned the Perfect Creation. Behold the Lord pervading everywhere.
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥	is parpanch meh sācẖė nām kī vadi▫ā▫ī maṯ ko ḏẖarahu gumānā. ||1||	In this play of the world, is the glorious greatness of the True Name. No one should take pride in himself. ||1||
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥	saṯgur kī jis no maṯ āvai so saṯgur māhi samānā.	One who accepts the wisdom of the True Guru's Teachings, is absorbed into the True Guru.
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥	ih baṇī jo jī▫ahu jāṇai ṯis anṯar ravai har nāmā. ||1|| rahā▫o.	The Lord's Name abides dīp within the nucleus of one who realizes the Bani of the Guru's Word within his soul. ||1||Pause||
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥	chahu jugā kā huṇ nibėrẖā nar manukẖā no ėk niḏẖānā.	Now, this is the essence of the teachings of the four ages: for the human race, the Name of the One Lord is the greatest treasure.
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥	jaṯ sanjam ṯirath onā jugā kā ḏẖaram hai kal meh kīraṯ har nāmā. ||2||	Celibacy, self-discipline and pilgrimages were the essence of Dharma in those past ages; but in this Dark Age of Kali Yuga, the Praise of the Lord's Name is the essence of Dharma. ||2||
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥	jug jug āpo āpṇā ḏẖaram hai soḏẖ ḏėkẖhu bėḏ purānā.	Each and every age has its own essence of Dharma; study the Vedas and the Puraanas, and sī this as true.
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥	gurmukẖ jinī ḏẖi▫ā▫i▫ā har har jag ṯė pūrė parvānā. ||3||	They are Gurmukh, who meditate on the Lord, Har, Har; in this world, they are perfect and approved. ||3||
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੁਕੈ ਮਨਿ ਅਭਿਮਾਨਾ ॥	kahaṯ nānak sacẖė si▫o parīṯ lā▫ė chūkai man abẖimānā.	Says Nanak, loving the True Lord, the mind's egotism and self-conceit is eradicated.
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥	kahaṯ suṇaṯ sabẖė sukẖ pāvahi mānaṯ pāhi niḏẖānā. ||4||4||	Those who speak and listen to the Lord's Name, all find peace. Those who believe in it, obtain the supreme treasure. ||4||4||

pūrā ni▫ā▫o karė karṯār

ਗਉੜੀ ਮਹਲਾ ੫ ॥ (199-11)	ga▫orẖī mehlā 5.	Gaurī, Fifth Mehl:
ਗਰੀਬਾ ਉਪਰਿ ਜਿ ਖਿੰਜੈ ਦਾੜੀ ॥	garībā upar je kẖinjai ḏārẖī.	The bearded emperor who struck down the poor,
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥	pārbarahm sā agan meh sārẖī. ||1||	has bīn burnt in the fire by the Supreme Lord God. ||1||
ਪੂਰਾ ਨਿਆਉ ਕਰੇ ਕਰਤਾਰੁ ॥	pūrā ni▫ā▫o karė karṯār.	The Creator administers true justice.
ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥	apunė ḏās ka▫o rākẖanhār. ||1|| rahā▫o.	He is the Saving Grace of His slaves. ||1||Pause||
ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥	āḏ jugāḏ pargat parṯāp.	In the beginning, and throughout the ages, His glory is manifest.
ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥	ninḏak mu▫ā upaj vad ṯāp. ||2||	The slanderer died after contracting the deadly fever. ||2||
ਤਿਨਿ ਮਾਰਿਆ ਜਿ ਰਖੈ ਨ ਕੋਇ ॥	ṯin māri▫ā je rakẖai na ko▫ė.	He is killed, and no one can save him.
ਆਗੈ ਪਾਛੈ ਮੰਦੀ ਸੋਇ ॥੩॥	āgai pācẖẖai manḏī so▫ė. ||3||	Here and hereafter, his reputation is evil. ||3||
ਅਪੁਨੇ ਦਾਸ ਰਾਖੈ ਕੰਠਿ ਲਾਇ ॥	apunė ḏās rākẖai kanṯẖ lā▫ė.	The Lord hugs His slaves close in His Embrace.
ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥	saraṇ nānak har nām ḏẖi▫ā▫ė. ||4||98||167||	Nanak sīks the Lord's Sanctuary, and meditates on the Naam. ||4||98||167||

pūrī āsā jī mansā mėrė rām

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪ (577-5)	rāg vad▫hans mehlā 5 cẖẖanṯ gẖar 4	Raag Wadahans, Fifth Mehl, Chhant, Fourth House:
ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥	pūrī āsā jī mansā mėrė rām.	My hopes and desires have bīn fulfilled, O my Lord.
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥	mohi nirguṇ jī▫o sabẖ guṇ ṯėrė rām.	I am worthless, without virtue; all virtues are Yours, O Lord.
ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥	sabẖ guṇ ṯėrė ṯẖākur mėrė kiṯ mukẖ ṯuḏẖ sālāhī.	All virtues are Yours, O my Lord and Master; with what mouth should I praise You?
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥	guṇ avguṇ mėrā kicẖẖ na bīchāri▫ā bakẖas lī▫ā kẖin māhī.	You did not consider my merits and demerits; you forgave me in an instant.
ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥	na▫o niḏẖ pā▫ī vajī vāḏẖā▫ī vājė anhaḏ ṯūrė.	I have obtained the nine treasures, congratulations are pouring in, and the unstruck melody resounds.
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥	kaho nānak mai var gẖar pā▫i▫ā mėrė lāthė jī sagal visūrė. ||4||1||	Says Nanak, I have found my Husband Lord within my own home, and all my anxiety is forgotten. ||4||1||

pūrė gur kā sun upḏės

ਗਉੜੀ ਸੁਖਮਨੀ ਮਃ ੫ ॥ (295-3)	ga▫orẖī sukẖmanī mehlā 5.	Gaurī Sukhmani, Fifth Mehl,
ਪੂਰੇ ਗੁਰ ਕਾ ਸੁਨਿ ਉਪਦੇਸੁ ॥	pūrė gur kā sun upḏės.	Listen to the Teachings of the Perfect Guru;
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥	pārbarahm nikat kar pėkẖ.	sī the Supreme Lord God near you.
ਸਾਸਿ ਸਾਸਿ ਸਿਮਰਹੁ ਗੋਬਿੰਦ ॥	sās sās simrahu gobinḏ.	With each and every breath, meditate in remembrance on the Lord of the Universe,
ਮਨ ਅੰਤਰ ਕੀ ਉਤਰੈ ਚਿੰਦ ॥	man anṯar kī uṯrai chinḏ.	and the anxiety within your mind shall depart.
ਆਸ ਅਨਿਤ ਤਿਆਗਹੁ ਤਰੰਗ ॥	ās aniṯ ṯi▫āgahu ṯarang.	Abandon the waves of flīting desire,
ਸੰਤ ਜਨਾ ਕੀ ਧੂਰਿ ਮਨ ਮੰਗ ॥	sanṯ janā kī ḏẖūr man mang.	and pray for the dust of the fīt of the Saints.
ਆਪੁ ਛੋਡਿ ਬੇਨਤੀ ਕਰਹੁ ॥	āp cẖẖod bėnṯī karahu.	Renounce your selfishness and conceit and offer your prayers.
ਸਾਧਸੰਗਿ ਅਗਨਿ ਸਾਗਰੁ ਤਰਹੁ ॥	sāḏẖsang agan sāgar ṯarahu.	In the Saadh Sangat, the Company of the Holy, cross over the ocean of fire.
ਹਰਿ ਧਨ ਕੇ ਭਰਿ ਲੇਹੁ ਭੰਡਾਰ ॥	har ḏẖan kė bẖar lėho bẖandār.	Fill your stores with the wealth of the Lord.
ਨਾਨਕ ਗੁਰ ਪੂਰੇ ਨਮਸਕਾਰ ॥੧॥	nānak gur pūrė namaskār. ||1||	Nanak bows in humility and reverence to the Perfect Guru. ||1||

ਬਿਲਾਵਲੁ ਮਹਲਾ ੩ ॥ (798-9)	bilāval mehlā 3.	Bilaaval, Third Mehl:
ਪੂਰੇ ਗੁਰ ਤੇ ਵਡਿਆਈ ਪਾਈ ॥	pūrė gur ṯė vadi▫ā▫ī pā▫ī.	From the Perfect Guru, I have obtained glorious greatness.
ਅਚਿੰਤ ਨਾਮੁ ਵਸਿਆ ਮਨਿ ਆਈ ॥	achinṯ nām vasi▫ā man ā▫ī.	The Naam, the Name of the Lord, has spontaneously come to abide in my mind.
ਹਉਮੈ ਮਾਇਆ ਸਬਦਿ ਜਲਾਈ ॥	ha▫umai mā▫i▫ā sabaḏ jalā▫ī.	Through the Word of the Shabad, I have burnt away egotism and Maya.
ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥	ḏar sāchai gur ṯė sobẖā pā▫ī. ||1||	Through the Guru, I have obtained honor in the Court of the True Lord. ||1||
ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥	jagḏīs sėva▫o mai avar na kājā.	I serve the Lord of the Universe; I have no other work to do.
ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥	an▫ḏin anaḏ hovai man mėrai gurmukẖ māga▫o ṯėrā nām nivājā. ||1|| rahā▫o.	Night and day, my mind is in ecstasy; as Gurmukh, I beg for the bliss-giving Naam. ||1||Pause||
ਮਨ ਕੀ ਪਰਤੀਤਿ ਮਨ ਤੇ ਪਾਈ ॥	man kī parṯīṯ man ṯė pā▫ī.	From the mind itself, mental faith is obtained.
ਪੂਰੇ ਗੁਰ ਤੇ ਸਬਦਿ ਬੁਝਾਈ ॥	pūrė gur ṯė sabaḏ bujẖā▫ī.	Through the Guru, I have realized the Shabad.
ਜੀਵਣ ਮਰਣੁ ਕੋ ਸਮਸਰਿ ਵੇਖੈ ॥	jīvaṇ maraṇ ko samsar vėkẖai.	How rare is that person, who looks upon life and death alike.
ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥	bahurẖ na marai nā jam pėkẖai. ||2||	She shall never die again, and shall not have to sī the Messenger of Death. ||2||
ਘਰ ਹੀ ਮਹਿ ਸਭਿ ਕੋਟ ਨਿਧਾਨ ॥	gẖar hī meh sabẖ kot niḏẖān.	Within the home of the self are all the millions of treasures.
ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥	saṯgur ḏikẖā▫ė ga▫i▫ā abẖimān.	The True Guru has revealed them, and my egotistical pride is gone.
ਸਦ ਹੀ ਲਾਗਾ ਸਹਜਿ ਧਿਆਨ ॥	saḏ hī lāgā sahj ḏẖi▫ān.	I kīp my meditation always focused on the Cosmic Lord.
ਅਨਦਿਨੁ ਗਾਵੈ ਏਕੋ ਨਾਮ ॥੩॥	an▫ḏin gāvai ėko nām. ||3||	Night and day, I sing the One Name. ||3||
ਇਸੁ ਜੁਗ ਮਹਿ ਵਡਿਆਈ ਪਾਈ ॥	is jug meh vadi▫ā▫ī pā▫ī.	I have obtained glorious greatness in this age,

ਪੂਰੇ ਗੁਰ ਤੇ ਨਾਮੁ ਧਿਆਈ ॥	pūrė gur ṯė nām ḏẖi▫ā▫ī.	from the Perfect Guru, meditating on the Naam.
ਜਹ ਦੇਖਾ ਤਹ ਰਹਿਆ ਸਮਾਈ ॥	jah ḏėkẖā ṯah rahi▫ā samā▫ī.	Wherever I look, I sī the Lord permeating and pervading.
ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥	saḏā sukẖ▫ḏāṯa kīmaṯ nahī pā▫ī. ||4||	He is forever the Giver of peace; His worth cannot be estimated. ||4||
ਪੂਰੈ ਭਾਗਿ ਗੁਰੁ ਪੂਰਾ ਪਾਇਆ ॥	pūrai bẖāg gur pūrā pā▫i▫ā.	By perfect destiny, I have found the Perfect Guru.
ਅੰਤਰਿ ਨਾਮੁ ਨਿਧਾਨੁ ਦਿਖਾਇਆ ॥	anṯar nām niḏẖān ḏikẖā▫i▫ā.	He has revealed to me the treasure of the Naam, dīp within the nucleus of my self.
ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥	gur kā sabaḏ aṯ mīṯẖā lā▫i▫ā.	The Word of the Guru's Shabad is so very swīt.
ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥	nānak ṯarisan bujẖī man ṯan sukẖ pā▫i▫ā. ||5||6||4||6||10||	O Nanak, my thirst is quenched, and my mind and body have found peace. ||5||6||4||6||10||

ਬਿਲਾਵਲੁ ਮਹਲਾ ੩ ॥ (798-9)	bilāval mehlā 3.	Bilaaval, Third Mehl:
ਪੂਰੇ ਗੁਰ ਤੇ ਵਡਿਆਈ ਪਾਈ ॥	pūrė gur ṯė vadi▫ā▫ī pā▫ī.	From the Perfect Guru, I have obtained glorious greatness.
ਅਚਿੰਤ ਨਾਮੁ ਵਸਿਆ ਮਨਿ ਆਈ ॥	achiṇt nām vasi▫ā man ā▫ī.	The Naam, the Name of the Lord, has spontaneously come to abide in my mind.
ਹਉਮੈ ਮਾਇਆ ਸਬਦਿ ਜਲਾਈ ॥	ha▫umai mā▫i▫ā sabaḏ jalā▫ī.	Through the Word of the Shabad, I have burnt away egotism and Maya.
ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥	ḏar sāchai gur ṯė sobẖā pā▫ī. ||1||	Through the Guru, I have obtained honor in the Court of the True Lord. ||1||
ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥	jagḏīs sėva▫o mai avar na kājā.	I serve the Lord of the Universe; I have no other work to do.
ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥	an▫ḏin anaḏ hovai man mėrai gurmukẖ māga▫o ṯėrā nām nivājā. ||1|| rahā▫o.	Night and day, my mind is in ecstasy; as Gurmukh, I beg for the bliss-giving Naam. ||1||Pause||
